TENNECO

# ਵਿਵਹਾਰ ਦਾ ਜ਼ਾਬਤਾ

## Tenneco ਦਾ ਮਾਰਗ-ਨਕਸ਼ਾ

ਸਾਡੀਆਂ ਮੂਲ ਕਦਰਾਂ-ਕੀਮਤਾਂ ਪਥ-ਪ੍ਰਦਰਸ਼ਨ ਕਰਦੀਆਂ ਹਨ

# ਵਿਸ਼ਾ ਸੂਚੀ


## ਚਲੋ ਸ਼ੁਰੂਆਤ ਕਰੀਏ .................................. 3

## ਸਾਨੂੰ ਕਿਹੜੀ ਚੀਜ਼ ਪ੍ਰੇਰਿਤ ਕਰਦੀ ਹੈ .................... 4

ਸਾਡਾ ਮਕਸਦ 4
ਸਾਡੀਆਂ ਮੂਲ ਕਦਰਾਂ-ਕੀਮਤਾਂ 4
ਸਾਡਾ ਲੋਕ ਮਾਡਲ 4
ਸਾਡਾ ਜ਼ਾਬਤਾ 5

## ਨਿਰਦੇਸ਼ਾਂ ਲਈ ਪੁੱਛਣਾ ................................ 7

ਆਵਾਜ਼ ਉਠਾਉਣਾ 7
ਬਦਲਾ ਨਾ ਲੈਣਾ 7

## ਇਕੱਠਿਆਂ ਜਿੱਤਣਾ ................................ 8

ਇੱਕ ਦੂਜੇ ਦੀ ਇੱਜ਼ਤ ਕਰਨਾ 9
ਮਿਲਣੇ ਚੱਲਣਾ 11
ਸੁਰੱਖਿਆ ਨੂੰ ਪਹਿਲ ਦੇਣਾ 13
ਹੋਰ ਪਾਰਟੀਆਂ ਨਾਲ ਮਿਲਕੇ ਕੰਮ ਕਰਨਾ 15

## ਸਾਡੇ ਨਿਵੇਸ਼ ਦੀ ਸੁਰੱਖਿਆ ਕਰਨਾ .................... 17

ਸਟੀਕ ਰਿਕਾਰਡ ਅਤੇ ਵਿੱਤੀ ਰਿਪੋਰਟਾਂ ਰੱਖਣਾ 18
ਰਿਕਾਰਡਾਂ ਦਾ ਪ੍ਰਬੰਧਨ ਕਰਨਾ 20
ਸਾਡੀ ਸੰਪੱਤੀ ਦੀ ਦੇਖਭਾਲ ਕਰਨਾ 22
ਗੁਪਤ ਜਾਣਕਾਰੀ ਦੀ ਰੱਖਿਆ ਕਰਨਾ 24
ਪਰਦੇਦਾਰੀ ਦੀ ਰੱਖਿਆ ਕਰਨਾ 26
ਸਰਕਾਰ ਨਾਲ ਅੰਤਰ-ਕਿਰਿਆ ਕਰਨਾ 28
ਰਾਜਨੀਤਕ ਪ੍ਰਕਿਰਿਆ ਵਿੱਚ ਭਾਗ ਲੈਣਾ 30

## ਸਾਡੇ ਉਦਯੋਗ ਵਿੱਚ ਆਵਾਗੌਣ ਕਰਨਾ .............. 31

ਭ੍ਰਿਸ਼ਟਾਚਾਰ ਨਾਲ ਨਜਿੱਠਣਾ 32
ਅਪਰਾਧ ਨਾਲ ਲੜਨਾ 34
ਸਾਫ਼ਗੋਈ ਨਾਲ ਮੁਕਾਬਲਾ ਕਰਨਾ 36
ਹਿੱਤਾਂ ਦੇ ਟਕਰਾਅ ਤੋਂ ਬਚਣਾ 38
ਤੋਹਫ਼ਿਆਂ ਦਾ ਵਟਾਂਦਰਾ ਕਰਨਾ, ਮਨੋਰੰਜਨ, ਅਤੇ ਮੇਜ਼ਬਾਨੀ 40
ਅੰਤਰਰਾਸ਼ਟਰੀ ਪੱਧਰ 'ਤੇ ਵਪਾਰ ਕਰਨਾ 42

## ਸਾਡੇ ਗਾਹਕਾਂ ਅਤੇ ਭਾਈਚਾਰਿਆਂ ਦੀ ਦੇਖਭਾਲ ਕਰਨਾ .................................. 44

ਸੁਰੱਖਿਅਤ, ਗੁਣਵੱਤਾ ਵਾਲੇ ਉਤਪਾਦ ਬਣਾਉਣਾ 45
ਈਮਾਨਦਾਰੀ ਨਾਲ ਮਾਰਕੀਟਿੰਗ ਕਰਨਾ 47
ਜ਼ਿੰਮੇਵਾਰਾਨਾ ਤਰੀਕੇ ਨਾਲ ਸੰਚਾਰ ਕਰਨਾ 49
ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ 51
ਵਾਤਾਵਰਣ ਦੀ ਰੱਖਿਆ ਕਰਨਾ 53
ਭਾਈਚਾਰੇਨੂੰ ਵਾਪਸ ਦੇਣਾ 55

## ਆਪਣਾ ਲਾਇਸੰਸ ਪ੍ਰਾਪਤ ਕਰਨਾ ..................... 57

# ਚਲੋ ਸ਼ੁਰੂਆਤ ਕਰੀਏ



## Tenneco ਟੀਮ:

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਹ ਆਟੋਮੋਟਿਵ ਉਦਯੋਗ ਲਈ ਉਤਸ਼ਾਹ ਭਰਿਆ ਸਮਾਂ ਹੈ। ਨਾ ਸਿਰਫ ਬਦਲਾਅ ਬੇਹੱਦ ਤੇਜੀ ਨਾਲ ਆ ਰਿਹਾ ਹੈ, ਸਗੋਂ ਮੁਕਾਬਲੇ ਦੇ ਮੰਜਰ ਨੇ ਵੀ ਸਾਡੇ ਵਪਾਰ ਕਰਨ ਦੇ ਤਰੀਕੇ ਨੂੰ ਬਹੁਤ ਜਿਆਦਾ ਬਦਲ ਦਿੱਤਾ ਹੈ।

Tenneco ਵਿਖੇ, ਅਸੀਂ ਸੋਚਣ ਦੇ ਰਵਾਇਤੀ ਅਤੇ ਚਾਲੂ ਢੰਗ ਨੂੰ, ਸਾਡੇ ਨਿਰਦੇਸ਼ਕ- ਰੈਡੀਕਲ ਕੈਂਡੋਰ, ਸਰਲ ਕਰੋ, ਸੰਗਠਨਾਤਮਕ ਵੇਗ, ਦ੍ਰਿੜ ਅਮਲ ਅਤੇ ਜਿੱਤ ਦੇ ਰੂਪ ਵਿੱਚ ਮੂਲ ਕਦਰਾਂ ਕੀਮਤਾਂ ਦੇ ਸਮੂਹ 'ਤੇ ਬਣੀ ਗੈਰ-ਰਵਾਇਤੀ ਪ੍ਰਗਤੀਵਾਦੀ ਮਾਨਸਿਕਤਾ ਨਾਲ ਬਦਲ ਰਹੇ ਹਾਂ। ਜੇਕਰ ਅਸੀਂ ਪ੍ਰਗਤੀਵਾਦੀ ਮਾਨਸਿਕਤਾ ਅਤੇ ਸਾਡੀਂ ਮੂਲ ਕਦਰਾਂ ਕੀਮਤਾਂ 'ਤੇ ਟੇਕ ਜਾਰੀ ਰੱਖਦੇ ਹਾਂ, ਤਾਂ ਆਟੋਮੋਟਿਵ ਉਦਯੋਗ ਵਿੱਚ ਸੰਸਾਰ ਦਾ ਸਭ ਤੋਂ ਭਰੋਸੇਮੰਦ ਭਾਗੀਦਾਰ ਅਤੇ ਬਿਹਤਰੀਨ ਨਿਰਮਾਤਾ ਬਣਨ ਦਾ ਸੁਪਨਾ ਸੱਚਾਈ ਵਿੱਚ ਬਦਲ ਜਾਵੇਗਾ।

ਅਸੀਂ ਪੱਧਰ ਕਾਫੀ ਉੱਚਾ ਕਰ ਦਿੱਤਾ ਹੈ, ਪਰ ਅਸੀਂ ਜੋ ਕਰਨਾ ਚਾਹ ਰਹੇ ਹਾਂ, ਉਸ ਵਿੱਚ ਮੈਨੂੰ ਸਾਡੇ ਸਾਰਿਆਂ ਦੀ ਸਮੂਹਕ ਯੋਗਤਾ ਵਿੱਚ ਵਿਸ਼ਵਾਸ ਹੈ। ਹਾਲਾਂਕਿ, ਸਾਨੂੰ ਇਹ ਯਾਦ ਰੱਖਣਾ ਜਰੂਰੀ ਹੈ ਕਿ ਅਸੀਂ ਸਫਲਤਾ ਕਿਵੇਂ ਪ੍ਰਾਪਤ ਕਰਦੇ ਹਾਂ ਅਤੇ ਉਸਦਾ ਇੱਕੋ-ਇੱਕ ਢੰਗ ਇਮਾਨਦਾਰੀ ਹੈ – ਇਹ, ਅਸੀਂ ਜੋ ਕੁਝ ਵੀ ਕਰਦੇ ਹਾਂ ਉਸਦੀ ਨੀਂਹ ਹੈ। ਸਾਨੂੰ ਸਹੀ ਚੀਜ, ਸਹੀ ਢੰਗ ਨਾਲ ਕਰਨ ਪ੍ਰਤੀ ਪ੍ਰਤੀਬੱਧ ਰਹਿਣਾ ਚਾਹੀਦਾ ਹੈ ਅਤੇ ਸਾਰੇ ਨਿਯਮਾਂ, ਕਾਇਦੇ ਅਤੇ ਸਾਡੇ ਵਪਾਰ ਉੱਤੇ ਲਾਗੂ ਸਾਰੀਆਂ ਨੀਤੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਤੁਹਾਨੂੰ ਇਕ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿੱਥੇ ਸਹੀ ਕੰਮ ਕਰਨ ਬਾਰੇ ਸਪੱਸ਼ਟਤਾ ਨਹੀਂ ਹੁੰਦੀ, ਇਸੇ ਕਾਰਨ ਸਾਡੀ ਇਕ ਆਚਾਰ ਸਹਿੰਤਾ ਮੌਜੂਦ ਹੈ। ਇਹ ਸਾਡਾ ਅਜਿਹੇ ਜਰੂਰੀ ਸਿਧਾਤਾਂ ਨਾਲ ਮਾਰਗ ਦਰਸ਼ਨ ਕਰਦਾ ਹੈ, ਜੋ ਇਹ ਯਕੀਨੀ ਬਣਾਉਂਦੇ ਹਨ ਕਿ ਅਸੀਂ ਅਜਿਹੇ ਢੰਗ ਨਾਲ ਕੰਮ ਅਤੇ ਵਰਤਾਅ ਕਰੀਏ ਜੋ ਸਾਡੇ ਵਿੱਚ, ਸਾਡੇ ਗਾਹਕਾਂ, ਭਾਗੀਦਾਰਾਂ ਅਤੇ ਇੱਕ ਦੂਸਰੇ ਦਾ ਭਰੋਸਾ ਅਤੇ ਵਿਸ਼ਵਾਸ ਜਿੱਤਣ ਵਿੱਚ ਸਹਾਈ ਹੋਵੇਗਾ।

ਸਫਲਤਾ ਹਰੇਕ ਵੱਲੋਂ ਨਿੱਜੀ ਪ੍ਰਤੀਬੱਧਤਾ ਦੀ ਮੰਗ ਕਰਦੀ ਹੈ। ਕਿਰਪਾ ਕਰਕੇ ਸਾਡੇ ਆਚਾਰ ਸੰਹਿਤਾ ਤੋਂ ਜਾਣੂ ਹੋ ਕੇ ਅਤੇ ਬਾਰ-ਬਾਰ ਇਸਦਾ ਹਵਾਲਾ ਲੈ ਕੇ ਆਪਣਾ ਯੋਗਦਾਨ ਪਾਓ।

ਤੁਹਾਡਾ ਧੰਨਵਾਦ,



Jim Voss

*ਮੁੱਖ ਕਾਰਜਕਾਰੀ ਅਫਸਰ*



# ਸਾਨੂੰ ਕਿਹੜੀ ਚੀਜ਼ ਪ੍ਰੇਰਿਤ ਕਰਦੀ ਹੈ

ਸਾਨੂੰ ਅੱਗੇ ਤੋਰਨ ਵਾਲਾ ਬਲ ਸਾਡੇ ਲੋਕ ਹਨ। ਅਸੀ ਹਰ ਰੋਜ਼ ਕੰਮ 'ਤੇ ਇਹ ਚੀਜ਼ਾਂ ਲਿਆਉਂਦੇ ਹਾਂ:

- **ਬਿਹਤਰੀਨ ਹੋਣ ਦਾ ਜਨੂੰਨ**
- **ਵੇਰਵਿਆਂ ਵੱਲ ਧਿਆਨ ਦੇਣ ਦਾ ਅਨੁਸ਼ਾਸਨ**
- **ਪ੍ਰਤੀਯੋਗਤਾਮੂਲਕ ਦ੍ਰਿੜਤਾ**
- **ਵਚਨਬੱਧਤਾਵਾਂ ਨੂੰ ਪੂਰਾ ਕਰਨ ਲਈ ਇੱਕ ਦ੍ਰਿੜ ਸੰਕਲਪ**

## ਸਾਡਾ ਲੋਕ ਮਾਡਲ

Tenneco ਦਾ ਲੋਕ ਮਾਡਲ ਸਾਡੀਆਂ ਮੂਲ ਕਦਰਾਂ-ਕੀਮਤਾਂ ਦੇ ਅਧਾਰ 'ਤੇ ਬਣਾਇਆ ਗਿਆ ਹੈ। ਵਿਅਕਤੀਆਂ ਵਜੋਂ ਸਾਡੇ ਪ੍ਰਦਰਸ਼ਨ ਦਾ ਤਰੀਕਾ ਇਸ ਚੀਜ਼ ਨਾਲ ਜਾ ਜੁੜਦਾ ਹੈ ਕਿ ਇੱਕ ਕੰਪਨੀ ਵਜੋਂ ਅਸੀਂ ਪ੍ਰਦਰਸ਼ਨ ਕਿਵੇਂ ਕਰਦੇ ਹਾਂ। ਹਮੇਸ਼ਾ ਇਮਾਨਦਾਰੀ ਨਾਲ ਸਾਡੇ ਵਪਾਰਕ ਉਦੇਸ਼ਾਂ ਨੂੰ ਕਿਵੇਂ ਪ੍ਰਾਪਤ ਕਰਨਾ ਹੈ, ਇਸਦੀ ਤਿਆਰੀ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਸਾਡਾ ਜ਼ਾਬਤਾ ਮੌਜੂਦ ਹੈ।




**Tenneco ਦੀ ਸ਼ਕਤੀ ਨੂੰ ਖੋਲ੍ਹਣ ਲਈ ਸਾਡੇ ਲੋਕਾਂ ਦੀ ਸਮਰੱਥਾ ਨੂੰ ਖੋਲ੍ਹਣਾ**

**ਸਰਵੋਤਮ ਦੀ ਚੋਣ ਕਰੋ**
ਉੱਤਮ ਨਤੀਜੇ ਦੇਣ ਲਈ ਚੋਟੀ ਦੀ ਪ੍ਰਤਿਭਾ

**ਸਹੀ ਵਾਤਾਵਰਣ ਬਣਾਓ**
ਸੰਮਲਿਨਕਾਰੀ, ਖੁੱਲ੍ਹਾ, ਸਹਿਯੋਗਕਾਰੀ

**ਬਣਾਓ ਅਤੇ ਵਿਕਸਿਤ ਕਰੋ**
ਭਵਿੱਖ 'ਤੇ ਕੇਂਦਰਿਤ ਸਮਰੱਥਾਵਾਂ ਅਤੇ ਲੀਡਰਸ਼ਿਪ

**ਪਛਾਣੋ ਅਤੇ ਇਨਾਮ ਦਿਓ**
ਪ੍ਰਦਰਸ਼ਨ, ਕਦਰਾਂ-ਕੀਮਤਾਂ, ਟੀਮਵਰਕ

## ਸਾਡਾ ਮਕਸਦ

ਆਟੋਮੋਟਿਵ ਉਦਯੋਗ ਵਿੱਚ ਸੰਸਾਰ ਦੇ ਸਭ ਤੋਂ ਭਰੋਸੇਯੋਗ ਅਤੇ ਬਿਹਤਰੀਨ ਨਿਰਮਾਤਾ ਬਣਨਾ।

## ਸਾਡੀਆਂ ਮੂਲ ਕਦਰਾਂ ਕੀਮਤਾਂ

### ਰੈਡੀਕਲ ਕੈਂਡੋਰ

ਸਾਨੂੰ ਰਚਨਾਮਕ ਬਹਿਸ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਉਸਾਰੂ ਤਣਾਅ ਬਣਾਉਣਾ ਚਾਹੀਦਾ ਹੈ। ਸਾਨੂੰ ਸਕਾਰਾਤਮਕ ਮਨਸ਼ਾ ਨਾਲ ਖੁੱਲ੍ਹੇ ਅਤੇ ਸਖਤੀ ਨਾਲ ਇਮਾਨਦਾਰੀ ਹੋਣਾ ਚਾਹੀਦਾ ਹੈ। ਸੱਚ, ਏਕਤਾ ਹੈ।

### ਸਰਲ ਕਰੋ

ਸਾਨੂੰ ਅਫ਼ਸਰਸ਼ਾਹੀ ਨੂੰ ਨਕਾਰਨਾ, ਪਰਤਾਂ ਨੂੰ ਘਟਾਉਣਾ ਅਤੇ ਸਿਲੋਜ਼ ਨੂੰ ਖਤਮ ਕਰਨਾ ਚਾਹੀਦਾ ਹੈ। ਸਪੱਸ਼ਟ ਰਹੋ, ਰੁਕਾਵਟਾਂ ਨੂੰ ਸਰ ਕਰੋ, ਇਕ ਯੋਜਨਾ ਬਣਾਓ ਅਤੇ ਉਸਨੂੰ ਲਾਗੂ ਕਰਨ ਵੱਲ ਧਿਆਨ ਦੇਵੋ।

### ਸੰਗਠਨਾਤਮਕ ਵੇਗ

ਸਾਨੂੰ ਇੱਕ ਅਜਿਹੀ ਸੰਸਾਰ ਪੱਧਰੀ ਟੀਮ ਅਤੇ ਸੰਗਠਨਾਤਮਕ ਢਾਂਚਾ ਬਣਾਉਣਾ ਚਾਹੀਦਾ ਹੈ ਜੋ ਤੇਜ਼ੀ ਨਾਲ ਫੈਸਲਾ ਲੈਣ ਵਿੱਚ ਮਦਦ ਕਰੇ, ਮਸਲਿਆਂ ਨੂੰ ਲਾਗੂ ਕਰਨ ਵਿੱਚ ਸਹਾਈ ਹੋਵੇ।

### ਦ੍ਰਿੜ ਅਮਲ

ਸਾਨੂੰ ਇਕ ਅਜਿਹੀ ਜਵਾਬਦੇਹੀ ਅਤੇ ਮਾਲਕੀ ਦੀ ਮਾਨਸਿਕਤਾ ਅਪਨਾਉਣੀ ਚਾਹੀਦੀ ਹੈ ਜੋ ਸਾਡੇ ਸੱਭਿਆਚਾਰ ਦੀ ਅਤੇ ਜੋ ਵੀ ਕੁਝ ਵੀ ਅਸੀਂ ਕਰਦੇ ਹਾਂ, ਉਸਦੀ ਨੀਂਹ ਹੋਵੇ।

### ਜਿੱਤੋ

ਸਾਨੂੰ ਸਾਡੇ ਗਾਹਕਾਂ ਅਤੇ ਕਰਮਚਾਰੀਆਂ ਦਾ ਭਰੋਸਾ ਅਤੇ ਵਿਸ਼ਵਾਸ ਜਿੱਤਣਾ ਚਾਹੀਦਾ ਹੈ।

# ਸਾਡਾ ਜ਼ਾਬਤਾ

## ਸਾਡਾ ਜ਼ਾਬਤਾ ਦਰਸਾਉਂਦਾ ਹੈ ਕਿ ਅਸੀਂ ਕਿਵੇਂ ਆਪਣੀਆਂ ਮੂਲ ਕਦਰਾਂ-ਕੀਮਤਾਂ ਨੂੰ ਅਮਲ ਵਿੱਚ ਲਿਆਉਂਦੇ ਹਾਂ।

Tenneco ਵਿਖੇ ਹਰੇਕ ਟੀਮ ਮੈਂਬਰ ਕੋਲ ਪੇਸ਼ਕਸ਼ ਕਰਨ ਲਈ ਕੁਝ ਖਾਸ ਹੁੰਦਾ ਹੈ। ਇਹ ਵਿਲੱਖਣ ਹੁਨਰ, ਇੱਕ ਚੰਗੀ ਤਰ੍ਹਾਂ ਵਿਕਸਤ ਪ੍ਰਤਿਭਾ, ਜਾਂ ਕੰਮ ਕਰਾਉਣ ਦਾ ਇੱਕ ਅਨੋਖਾ ਢੰਗ ਹੋ ਸਕਦਾ ਹੈ। ਹਾਲਾਂਕਿ ਸਾਡੀਆਂ ਯੋਗਤਾਵਾਂ ਵਿੱਚ ਬਹੁਤ ਵਖਰੇਵਾਂ ਹੋ ਸਕਦਾ ਹੈ, ਫਿਰ ਵੀ ਅਸੀਂ ਆਪਣੀਆਂ ਮੂਲ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧਤਾ ਸਾਂਝੀ ਕਰਦੇ ਹਾਂ।

ਸਾਡਾ ਜ਼ਾਬਤਾ ਦਰਸਾਉਂਦਾ ਹੈ ਕਿ ਸਾਡੇ ਵਿੱਚੋਂ ਹਰ ਕੋਈ ਇਹਨਾਂ ਮੂਲ ਕਦਰਾਂ-ਕੀਮਤਾਂ ਨੂੰ ਕਿਵੇਂ ਅਮਲ ਵਿੱਚ ਲਿਆ ਸਕਦਾ ਹੈ। ਤੁਸੀ ਇਸ ਦੀ ਵਰਤੋਂ ਸੜਕ ਦੇ ਨਿਯਮਾਂ ਨੂੰ ਸਿੱਖਣ ਲਈ, ਅਣਜਾਨ ਸਥਾਨਾਂ ’ਤੇ ਆਵਾਗੌਣ ਕਰਨ ਲਈ, ਅਤੇ ਦੂਜਿਆਂ ਦੀ ਨਿਗਰਾਨੀ ਕਰਨ ਦੇ ਤਰੀਕੇ ਬਾਰੇ ਸਪੱਸ਼ਟ ਜਾਣਕਾਰੀ ਪ੍ਰਾਪਤ ਕਰਨ ਲਈ ਕਰ ਸਕਦੇ ਹੋ। ਅਸੀਂ ਇਸੇ ਤਰੀਕੇ ਨਾਲ ਇੱਕ ਦੂਜੇ ਦੀ ਅਤੇ ਕੰਪਨੀ ਦੀ ਰੱਖਿਆ ਕਰਦੇ ਹਾਂ।

ਯਾਦ ਰੱਖੋ ਕਿ ਹਾਲਾਂਕਿ ਇਹ ਜ਼ਾਬਤਾ ਤੁਹਾਡੀ ਗਾਈਡ ਦੇ ਤੌਰ ’ਤੇ ਹੈ, ਪਰ ਇਹ ਤੁਹਾਡੇ ਹਰ ਸਵਾਲ ਦਾ ਜਵਾਬ ਨਹੀਂ ਦੇਵੇਗਾ ਜੋ Tenneco ਵਿਖੇ ਕੰਮ ਕਰਦੇ ਹੋਏ ਤੁਹਾਡੇ ਕੋਲ ਹੋ ਸਕਦਾ ਹੈ। ਕੋਈ ਦਸਤਾਵੇਜ਼ ਅਜਿਹਾ ਨਹੀਂ ਕਰ ਸਕਦਾ। ਪਰ ਇਹ ਤੁਹਾਨੂੰ ਉਹਨਾਂ ਸਿਧਾਂਤਾਂ ਅਤੇ ਸਰੋਤਾਂ ਵੱਲ ਭੇਜੇਗਾ ਜਿਨ੍ਹਾਂ ਦੀ ਤੁਹਾਨੂੰ ਸਹੀ ਕੰਮ ਕਰਨ ਵਾਸਤੇ ਲੋੜ ਹੈ। ਇਸ ਲਈ, ਚੰਗੇ ਨਿਰਣੇ ਦੀ ਵਰਤੋਂ ਕਰੋ ਅਤੇ ਜਦੋਂ ਤੁਹਾਨੂੰ ਮਦਦ ਦੀ ਲੋੜ ਹੋਵੇ ਤਾਂ ਪਹੁੰਚ ਕਰੋ।

ਜ਼ਾਬਤੇ ਨੂੰ ਸਮਝਣਾ ਤੁਹਾਨੂੰ ਸਾਡੀ ਇਸ ਸੰਯੁਕਤ ਯਾਤਰਾ ਲਈ ਤਿਆਰ ਕਰਨ ਵਿੱਚ ਮਦਦ ਕਰੇਗਾ। ਇਹ ਤੁਹਾਨੂੰ ਇਹ ਸਿੱਖਣ ਵਿੱਚ ਮਦਦ ਕਰੇਗਾ ਕਿ ਕਿਹੜੀ ਚੀਜ਼ ਸਭ ਤੋਂ ਵੱਧ ਮਾਅਨੇ ਰੱਖਦੀ ਹੈ ਅਤੇ ਇਹ ਯਕੀਨੀ ਬਣਾਵੇਗਾ ਕਿ ਤੁਸੀ ਹਮੇਸ਼ਾ ਸਹੀ ਕੰਮ ਕਰਨ ਲਈ ਦ੍ਰਿੜ ਰਹਿੰਦੇ ਹੋ।

## ਸਾਡੇ ਜ਼ਾਬਤਾ ਦੀ ਪਾਲਣਾ ਕਿਸਨੂੰ ਕਰਨੀ ਚਾਹੀਦੀ ਹੈ?

ਤੁਸੀਂ ਤਾਂ ਕਰੋਂਗੇ ਹੀ। ਇਹ ਜ਼ਾਬਤਾ ਸਾਡੀ ਕੰਪਨੀ ਦੇ ਹਰ ਪੱਧਰ ’ਤੇ, ਸਾਡੇ ਅਫ਼ਸਰਾਂ ਅਤੇ ਨਿਰਦੇਸ਼ਾਂ ਦੇ ਬੋਰਡ, ਅਤੇ ਸਾਡੀ ਤਰਫੋਂ ਕੰਮ ਕਰਨ ਵਾਲੇ ਜਾਂ ਸਾਡੇ ਨਾਲ ਕਾਰੋਬਾਰ ਕਰਨ ਵਾਲੇ ਹਰੇਕ ਵਿਅਕਤੀ ਅਤੇ ਸੰਸਥਾ ’ਤੇ ਲਾਗੂ ਹੁੰਦਾ ਹੈ।



ਇਸ ਜ਼ਾਬਤੇ ਦੇ ਇਲਾਵਾ, ਸਾਡੇ CEO, CFO, ਅਤੇ ਲੇਖਾਕਾਰੀ ਅਤੇ ਵਿੱਤੀ ਰਿਪੋਰਟਿੰਗ ਲਈ ਜ਼ਿੰਮੇਵਾਰ ਕੁਝ ਹੋਰ ਵਿਅਕਤੀਆਂ ਲਈ ਵਿੱਤੀ ਪ੍ਰਬੰਧਕਾਂ ਲਈ ਵਿਵਹਾਰ ਦੇ ਜ਼ਾਬਤੇ ਦੀ ਪਾਲਣਾ ਕਰਨੀ ਵੀ ਲਾਜ਼ਮੀ ਹੈ। ਸਾਡੀਆਂ ਜਿਨ੍ਹਾਂ ਸਹਾਇਕ ਕੰਪਨੀਆਂ ਦੇ ਸ਼ੇਅਰ ਜਨਤਕ ਤੌਰ ’ਤੇ ਖ਼ਰੀਦੇ-ਵੇਚੇ ਜਾਂਦੇ ਹਨ, ਉਹਨਾਂ ਦੀਆਂ ਹੋਰ ਸਥਾਨਕ ਜ਼ਰੂਰਤਾਂ ਵੀ ਹੋ ਸਕਦੀਆਂ ਹਨ।

## ਕੀ ਹੋਵੇਗਾ ਜੇ ਅਸੀਂ ਆਪਣੇ ਜ਼ਾਬਤਾ ਦੀ ਪਾਲਣਾ ਨਹੀਂ ਕਰਦੇ?

ਜਦੋਂ ਅਸੀਂ ਆਪਣੀਆਂ ਮੂਲ ਕਦਰਾਂ-ਕੀਮਤਾਂ ਜਾਂ ਆਪਣੇ ਜ਼ਾਬਤੇ ਦੀ ਪਾਲਣਾ ਨਹੀਂ ਕਰਦੇ ਤਾਂ ਅਸੀਂ ਇੱਕ ਦੂਜੇ, ਆਪਣੇ ਨਿਵੇਸ਼ਕਾਂ, ਗਾਹਕਾਂ ਅਤੇ ਹੋਰਾਂ ਦਾ ਵਿਸ਼ਵਾਸ ਗੁਆ ਸਕਦੇ ਹਾਂ। ਇਹ ਸਾਡੇ ਬ੍ਰਾਂਡਾਂ ਨੂੰ ਵੀ ਨੁਕਸਾਨ ਪਹੁੰਚਾ ਸਕਦਾ ਹੈ। ਇਹੀ ਕਾਰਨ ਹੈ ਕਿ ਜ਼ਾਬਤੇ ਦੀ ਉਲੰਘਣਾ ਕਰਨ ਦੇ ਗੰਭੀਰ ਨਤੀਜੇ ਨਿਕਲ ਸਕਦੇ ਹਨ, ਜਿਵੇਂ ਕਿ ਆਪਣਾ ਲਾਇਸੈਂਸ ਜਾਂ ਨੌਕਰੀ ਗੁਆਉਣਾ, ਤੁਹਾਡੀ ਕਾਰਗੁਜ਼ਾਰੀ ਸਮੀਖਿਆ ਦਾ ਪ੍ਰਭਾਵਿਤ ਹੋਣਾ, ਜਾਂ ਇੱਥੋਂ ਤੱਕ ਕਿ ਜੁਰਮਾਨੇ ਅਤੇ ਜੇਲ੍ਹ ਵੀ ਹੋ ਸਕਦੀ ਹੈ। ਆਓ ਇਸ ਤੋਂ ਬਚਣ ਲਈ ਮਿਲ ਕੇ ਕੰਮ ਕਰੀਏ। ਸਿਰਫ਼ ਸਾਡੇ ਨਿਰਦੇਸ਼ਕਾਂ ਦਾ ਬੋਰਡ ਸਾਡੇ ਜ਼ਾਬਤੇ ਵਿੱਚ ਤਬਦੀਲੀਆਂ ਨੂੰ ਮਨਜ਼ੂਰੀ ਦੇ ਸਕਦਾ ਹੈ ਜਾਂ ਕਿਸੇ ਜ਼ਰੂਰਤ ਤੋਂ ਛੋਟ ਦੇ ਸਕਦਾ ਹੈ।


## ਸਾਡੇ ਜ਼ਾਬਤੇ ਵਿੱਚ ਕੀ ਸ਼ਾਮਲ ਹੈ?

ਟੀਮ ਦੇ ਮੈਂਬਰਾਂ ਅਤੇ ਦੂਜੀਆਂ ਪਾਰਟੀਆਂ ਲਈ – ਜਿਸ ਵਿੱਚ ਸਾਡੇ ਨਾਲ, ਸਾਡੇ ਲਈ, ਅਤੇ ਸਾਡੇ ਵੱਲੋਂ ਕੰਮ ਕਰਨ ਵਾਲੇ ਸ਼ਾਮਲ ਹਨ - ਤੁਸੀਂ ਇਹ ਪਤਾ ਲਗਾਓਗੇ ਕਿ:


- ਸਾਡੇ ਜ਼ਾਬਤੇ, ਸਾਡੀਆਂ ਨੀਤੀਆਂ ਅਤੇ ਕਾਨੂੰਨ ਦੀ ਪਾਲਣਾ ਕਿਵੇਂ ਕਰਨੀ ਹੈ।
- ਸਹੀ ਨਿਰਣੇ ਅਤੇ ਆਮ ਸਮਝ ਦੀ ਵਰਤੋਂ ਕਿਵੇਂ ਕਰਨੀ ਹੈ।
- ਕਮਜ਼ੋਰ ਖੇਤਰਾਂ ਅਤੇ ਅਣਜਾਣ ਸਥਾਨਾਂ ਵਿੱਚੋਂ ਆਵਾਗੌਣ ਕਿਵੇਂ ਕਰਨਾ ਹੈ।
- ਗਲਤ ਵਿਵਹਾਰ ਦੇਖਣ ਜਾਂ ਇਸਦਾ ਸ਼ੱਕ ਹੋਣ ’ਤੇ ਆਵਾਜ਼ ਕਿਵੇਂ ਉਠਾਉਣੀ ਹੈ।
- ਜਾਂਚਾਂ ਵਿੱਚ ਸਹਿਯੋਗ ਕਿਵੇਂ ਕਰਨਾ ਹੈ।
- ਜੇ ਤੁਹਾਨੂੰ ਨਹੀਂ ਪਤਾ ਕਿ ਕੀ ਕਰਨਾ ਹੈ ਤਾਂ ਇਸ ਬਾਰੇ ਸਵਾਲ ਕਿਵੇਂ ਪੁੱਛਣੇ ਹਨ।

ਜੇ ਤੁਸੀਂ ਕੋਈ ਮੈਨੇਜਰ ਹੋ, ਤਾਂ ਤੁਹਾਨੂੰ ਨਿਮਨਲਿਖਤ ਦੁਆਰਾ ਮਿਸਾਲ ਕਾਇਮ ਕਰਨ ਦੀ ਵੀ ਲੋੜ ਹੈ:

- ਢੁਕਵੇਂ ਅਤੇ ਉਹਨਾਂ ਤਰੀਕਿਆਂ ਨਾਲ ਕੰਮ ਕਰਨਾ ਜੋ ਜ਼ਾਬਤੇ ਦਾ ਸਮਰਥਨ ਕਰਦੇ ਹਨ
- ਟੀਮ ਮੈਂਬਰਾਂ ਦੇ ਪ੍ਰਸ਼ਨਾਂ ਦੇ ਜਵਾਬ ਦੇਣ ਲਈ ਪਹੁੰਚਯੋਗ ਹੋਣਾ
- ਆਪਣੀ ਟੀਮ ਨੂੰ ਨਵੇਂ ਅਤੇ ਕਾਢਕਾਰੀ ਫੁਰਨੇ ਸਾਂਝੇ ਕਰਨ ਲਈ ਪ੍ਰੇਰਿਤ ਕਰਨਾ
- ਆਪਣੀ ਟੀਮ ਨਾਲ ਮੂਲ ਕਦਰਾਂ-ਕੀਮਤਾਂ ਬਾਰੇ ਵਿਚਾਰ ਵਟਾਂਦਰਾ ਕਰਨਾ
- ਇਹ ਪੁਸ਼ਟੀ ਕਰਨਾ ਕਿ ਤੁਹਾਡੀ ਟੀਮ ਜ਼ਾਬਤੇ ਨੂੰ ਸਮਝਦੀ ਹੈ
- ਟੀਮ ਦੇ ਮੈਂਬਰਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਉਹਨਾਂ ਤਰੀਕਿਆਂ ਨਾਲ ਕਰਨਾ ਜੋ ਇਹ ਸਪੱਸ਼ਟ ਕਰਦੇ ਹਨ ਕਿ ਸਾਡੀਆਂ ਮੂਲ ਕਦਰਾਂ-ਕੀਮਤਾਂ ਸਾਡੇ ਨਤੀਜਿਆਂ ਜਿੰਨੀਆਂ ਹੀ ਮਹੱਤਵਪੂਰਨ ਹਨ
- ਸੰਭਾਵੀ ਮਾੜੇ-ਵਿਵਹਾਰ ਦੀ ਰਿਪੋਰਟ ਕਰਨਾ ਅਤੇ ਆਪਣੀ ਟੀਮ ਜਾਂ ਹੋਰਾਂ ਦੁਆਰਾ ਉਠਾਏ ਗਏ ਮਾੜੇ-ਵਿਵਹਾਰ ਦੀਆਂ ਰਿਪੋਰਟਾਂ ਨੂੰ ਅੱਗੇ ਭੇਜਣਾ
- ਨੇਕ-ਨੀਅਤ ਨਾਲ ਕਿਸੇ ਸ਼ੰਕੇ ਦੀ ਰਿਪੋਰਟ ਕਰਨ ਵਾਲੇ ਕਿਸੇ ਵਿਅਕਤੀ ਦੇ ਖਿਲਾਫ ਬਦਲਾਲਊ ਕਾਰਵਾਈ ਨੂੰ ਰੋਕਣ ਲਈ ਕਾਰਵਾਈ ਕਰਨਾ
- ਉਸ ਸਮੇਂ ਕਾਰਵਾਈ ਦੇ ਢੁਕਵੇਂ ਤਰੀਕਿਆਂ ’ਤੇ ਵਿਚਾਰ ਕਰਨਾ ਜਦੋਂ ਕੋਈ ਸਾਡੇ ਜ਼ਾਬਤੇ ਦੀ ਉਲੰਘਣਾ ਕਰਦਾ ਹੈ, ਜਿਸ ਵਿੱਚ ਜੋਖਮ ਨੂੰ ਘਟਾਉਣ ਅਤੇ ਨਿਯੰਤਰਣ ਵਿਕਸਿਤ ਕਰਨ ਦੇ ਪ੍ਰਦਰਸ਼ਨਮੁਖੀ ਉਦੇਸ਼ ਸ਼ਾਮਲ ਹਨ
- ਉਚਿਤ ਤੌਰ ’ਤੇ HR, ਕਾਨੂੰਨ ਵਿਭਾਗ ਜਾਂ ਅੰਦਰੂਨੀ ਲੇਖਾ-ਪੜਤਾਲ ਵਿਭਾਗ ਨਾਲ ਤਾਲਮੇਲ ਕਰਨਾ



## Tenneco GPS



**ਇਹ ਸਾਡੀਆਂ ਚੋਣਾਂ ਨੂੰ ਨਿਰਦੇਸ਼ਿਤ ਕਰਦਾ ਹੈ ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਅਸੀਂ ਸਹੀ ਮਾਰਗ ਲੱਭਦੇ ਹਾਂ।**

ਜੇ ਤੁਸੀ ਕਦੇ ਗੁਆਚ ਜਾਂਦੇ ਹੋ ਅਤੇ ਸਭ ਤੋਂ ਵਧੀਆ ਕਾਰਵਾਈ ਲਈ ਆਪਣਾ ਰਸਤਾ ਲੱਭਣ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਆਪਣੇ ਆਪ ਨੂੰ ਪੁੱਛੋ:

**ਕੀ ਇਹ ਕਨੂੰਨੀ ਹੈ?**

↓

**ਕੀ ਇਹ ਸਾਡੇ ਜ਼ਾਬਤੇ ਅਤੇ ਸਾਡੀਆਂ ਨੀਤੀਆਂ ਦੇ ਅਨੁਕੂਲ ਹੈ?**

↓

**ਕੀ ਇਹ ਸਾਡੇ ਮਕਸਦ ਅਤੇ ਮੂਲ ਕਦਰਾਂ-ਕੀਮਤਾਂ ਦਾ ਸਮਰਥਨ ਕਰਦਾ ਹੈ?**

↓

**ਕੀ ਇਹ ਸਾਡੇ ਗਾਹਕਾਂ, ਟੀਮ ਦੇ ਮੈਂਬਰਾਂ, ਸ਼ੇਅਰ ਧਾਰਕਾਂ, ਭਾਈਚਾਰਿਆਂ ਅਤੇ ਸਾਡੇ ਨਾਲ, ਸਾਡੇ ਲਈ, ਅਤੇ ਸਾਡੀ ਤਰਫ਼ੋਂ ਕੰਮ ਕਰਦੇ ਲੋਕਾਂ ਨਾਲ ਸਾਡੇ ਵਾਅਦੇ ਦੇ ਅਨੁਸਾਰ ਹੈ?**

↓

**ਜੇ ਮੀਡੀਆ ਦੁਆਰਾ ਤੁਹਾਡੀਆਂ ਕਾਰਵਾਈਆਂ ਦੀ ਰਿਪੋਰਟ ਕੀਤੀ ਜਾਵੇ, ਤਾਂ ਕੀ ਤੁਸੀਂ ਸਹਿਜ ਮਹਿਸੂਸ ਕਰੋਗੇ?**

↓

ਜੇ ਤੁਸੀਂ ਇਹਨਾਂ ਸਾਰੇ ਪ੍ਰਸ਼ਨਾਂ ਦਾ “ਹਾਂ” ਜਵਾਬ ਦਿੰਦੇ ਹੋ, ਤਾਂ ਸੰਭਵ ਤੌਰ ’ਤੇ ਅੱਗੇ ਵਧਣਾ ਠੀਕ ਹੈ। ਪਰ ਜੇ ਤੁਸੀਂ ਕਿਸੇ ਵੀ ਸਮੇਂ “ਨਹੀਂ” ਜਾਂ “ਮੈਨੂੰ ਯਕੀਨ ਨਹੀਂ ਹੈ” ਦਾ ਜਵਾਬ ਦਿੰਦੇ ਹੋ, ਤਾਂ ਰੁਕੋ, ਬੋਲੋ, ਪੁੱਛੋ ਅਤੇ ਦੁਬਾਰਾ ਵਿਚਾਰ ਕਰੋ। ਯਾਦ ਰੱਖੋ ਅਸੀਂ ਹਮੇਸ਼ਾ ਈਮਾਨਦਾਰੀ ਨਾਲ ਕੰਮ ਕਰਦੇ ਹਾਂ।

ਧਿਆਨ ਰੱਖੋ, ਤੁਹਾਡੀ ਮਦਦ ਕਰਨ ਲਈ ਬਹੁਤ ਸਾਰੇ ਸਰੋਤ ਉਪਲਬਧ ਹਨ ਜੇ ਤੁਹਾਨੂੰ ਪੱਕਾ ਪਤਾ ਨਹੀਂ ਕਿ ਤੁਸੀਂ ਕੀ ਕਰਨਾ ਹੈ। ਤੁਹਾਨੂੰ ਇਕੱਲਿਆਂ ਮੁਸ਼ਕਿਲ ਸਥਿਤੀ ਦਾ ਸਾਹਮਣਾ ਕਰਨ ਦੀ ਲੋੜ ਨਹੀਂ।

# ਨਿਰਦੇਸ਼ਾਂ ਲਈ ਪੁੱਛਣਾ

## ਆਵਾਜ਼ ਉਠਾਉਣਾ

ਸਾਡੇ ਜ਼ਾਬਤੇ, ਸਾਡੀਆਂ ਨੀਤੀਆਂ, ਜਾਂ ਕਾਨੂੰਨ ਦੀਆਂ ਉਲੰਘਣਾਵਾਂ, Tenneco ਅਤੇ ਸਾਡੀ ਟੀਮ ਦੇ ਮੈਂਬਰਾਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ। ਤੁਸੀਂ ਕਦੇ ਵੀ ਕੁਝ ਅਣਉਚਿਤ ਦੇਖਦੇ ਹੋ ਜਾਂ ਸ਼ੱਕ ਕਰਦੇ ਹੋ, ਤਾਂ ਆਵਾਜ਼ ਉਠਾਓ। ਭਾਵੇਂ ਤੁਹਾਨੂੰ ਪੱਕਾ ਯਕੀਨ ਨਾ ਵੀ ਹੋਵੇ, ਆਵਾਜ਼ ਉਠਾਉਣਾ ਹਮੇਸ਼ਾ ਕਰਨ ਵਾਸਤੇ ਸਹੀ ਚੀਜ਼ ਹੁੰਦੀ ਹੈ।



### ਕਦੋਂ ਬੋਲਣਾ ਹੈ

ਜੇ ਤੁਸੀਂ ਨਿਮਨਲਿਖਤ ਦੀ ਉਲੰਘਣਾ ਦੇਖਦੇ ਹੋ ਜਾਂ ਤੁਹਾਨੂੰ ਸ਼ੱਕ ਹੁੰਦਾ ਹੈ:

- ਸਾਡੀਆਂ ਮੂਲ ਕਦਰਾਂ-ਕੀਮਤਾਂ ਜਾਂ ਜ਼ਾਬਤਾ
- ਸਾਡੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ
- ਕੋਈ ਕਾਨੂੰਨ ਜਾਂ ਅਧਿਨਿਯਮ

### ਕਿਵੇਂ ਬੋਲਣਾ ਹੈ

ਇਹਨਾਂ ਨਾਲ ਸੰਪਰਕ ਕਰਨ ਲਈ ਉਤਸ਼ਾਹਿਤ ਮਹਿਸੂਸ ਕਰੋ:

- ਤੁਹਾਡਾ ਮੈਨੇਜਰ
- ਕੋਈ ਹੋਰ ਮੈਨੇਜਰ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋ
- ਮਨੁੱਖੀ ਸਰੋਤ ਵਿਭਾਗ
- ਕਾਨੂੰਨ ਵਿਭਾਗ
- ਵਿੱਤ
- ਵਿਸ਼ਵਵਿਆਪੀ ਤਾਮੀਲ (Global Compliance)

ਇਸ ਤੋਂ ਇਲਾਵਾ, Tenneco ਹੌਟਲਾਈਨ ਦਿਨ ਵਿਚ 24 ਘੰਟੇ, ਹਫ਼ਤੇ ਵਿੱਚ ਸੱਤ ਦਿਨ ਫ਼ੋਨ ਉੱਤੇ ਅਤੇ ਔਨਲਾਈਨ ਵੀ ਉਪਲਬਧ ਹੈ। ਟੋਲ-ਫ੍ਰੀ ਨੰਬਰ ਸਾਡੀ ਵੈੱਬਸਾਈਟ 'ਤੇ ਸੂਚੀਬੱਧ ਹਨ।

Tenneco ਹੌਟਲਾਈਨ ਨੂੰ ਕੀਤੀਆਂ ਕਾਲਾਂ ਅਤੇ ਰਿਪੋਰਟਾਂ ਦਾ ਰੱਖ-ਰਖਾਅ ਕਿਸੇ ਬਾਹਰੀ ਕੰਪਨੀ ਦੁਆਰਾ ਕੀਤਾ ਜਾਂਦਾ ਹੈ। ਜ਼ਿਆਦਾਤਰ ਦੇਸ਼ਾਂ ਵਿੱਚ, ਤੁਹਾਡੇ ਕੋਲ ਗੁੰਮਨਾਮ ਰਹਿਣ ਦਾ ਵਿਕਲਪ ਹੁੰਦਾ ਹੈ। ਉਹਨਾਂ ਦੇਸ਼ਾਂ ਵਿੱਚ ਜਿੱਥੇ ਕਾਨੂੰਨ ਇਸ ਦੀ ਆਗਿਆ ਨਹੀਂ ਦਿੰਦੇ ਹਨ, ਹੌਟਲਾਈਨ ਪ੍ਰਤੀਨਿਧੀ ਤੁਹਾਨੂੰ ਦੱਸ ਦੇਵੇਗਾ। ਜੇ ਤੁਸੀਂ ਇਹਨਾਂ ਸਰੋਤਾਂ ਦੀ ਵਰਤੋਂ ਬੋਲਣ ਲਈ ਕਰਦੇ ਹੋ, ਤਾਂ ਤੁਹਾਨੂੰ ਇੱਕ ਰਿਪੋਰਟ ਨੰਬਰ ਮਿਲੇਗਾ ਤਾਂ ਕਿ ਤੁਸੀਂ ਆਪਣੀ ਰਿਪੋਰਟ ਦੀ ਸਥਿਤੀ ਦੀ ਜਾਂਚ ਕਰ ਸਕੋ ਜਾਂ ਵਧੇਰੇ ਜਾਣਕਾਰੀ ਪ੍ਰਦਾਨ ਕਰਵਾ ਸਕੋ।

ਯਾਦ ਰੱਖੋ ਕਿ ਹੌਟਲਾਈਨ ਦੁਆਰਾ ਰਿਪੋਰਟ ਕੀਤੇ ਸਾਰੇ ਮਾਮਲਿਆਂ ਨੂੰ ਮੁੱਖ ਨੈਤਿਕਤਾ ਅਤੇ ਤਾਮੀਲ ਅਫ਼ਸਰ ਨੂੰ ਭੇਜਿਆ ਜਾਵੇਗਾ ਅਤੇ ਤੁਹਾਡੀਆਂ ਪੁੱਛਗਿੱਛਾਂ ਨੂੰ ਤੁਰੰਤ ਹੱਲ ਕੀਤਾ ਜਾਵੇਗਾ। Tenneco ਵਿਖੇ, ਸੰਭਵ ਗਲਤ ਵਿਵਹਾਰ ਦੀਆਂ ਸਾਰੀਆਂ ਰਿਪੋਰਟਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ। ਇੱਕ ਵਾਰ ਰਿਪੋਰਟ ਆਉਣ 'ਤੇ, ਅਸੀਂ ਇਸ ਮਾਮਲੇ ਦੀ ਗੁਪਤਤਾ ਨਾਲ ਜਾਂਚ ਕਰਾਂਗੇ, ਪੱਕਾ ਨਿਰਣਾ ਕਰਾਂਗੇ ਕਿ ਸਾਡੀਆਂ ਮੂਲ ਕਦਰਾਂ-ਕੀਮਤਾਂ, ਜ਼ਾਬਤੇ, ਨੀਤੀਆਂ, ਜਾਂ ਲਾਗੂ ਹੋਣ ਵਾਲੇ ਕਾਨੂੰਨਾਂ ਦੀ ਉਲੰਘਣਾ ਕੀਤੀ ਗਈ ਹੈ ਜਾਂ ਨਹੀਂ, ਅਤੇ ਤੁਰੰਤ ਅਤੇ ਚੰਗੀ ਤਰ੍ਹਾਂ ਉਚਿਤ ਸੁਧਾਰਕ ਕਾਰਵਾਈ ਕਰਾਂਗੇ। Tenneco ਦੀ ਟੀਮ ਦੇ ਮੈਂਬਰਾਂ ਕੋਲੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਜਾਂਚਾਂ ਵਿੱਚ ਸਹਿਯੋਗ ਕਰਨ।

## ਬਦਲਾ ਨਾ ਲੈਣਾ

Tenneco ਵਿਖੇ, ਅਸੀਂ ਉਹਨਾਂ ਲੋਕਾਂ ਖਿਲਾਫ ਕਿਸੇ ਵੀ ਤਰ੍ਹਾਂ ਦੇ ਬਦਲੇ ਦੀ ਇਜਾਜ਼ਤ ਨਹੀਂ ਦਿੰਦੇ (ਜਿਵੇਂ ਕਿ ਨੌਕਰੀ ਤੋਂ ਬਰਖ਼ਾਸਤਗੀ, ਤਨਖਾਹ ਵਿੱਚ ਕਮੀ, ਜਾਂ ਨੌਕਰੀ ਸੰਬੰਧੀ ਕੋਈ ਹੋਰ ਨਕਾਰਾਤਮਕ ਕਾਰਵਾਈ) ਜੋ ਤਹਿ ਦਿਲੋਂ ਸ਼ੰਕੇ ਸਾਂਝੇ ਕਰਦੇ ਹਨ, ਜਾਂਚਾਂ ਵਿੱਚ ਸਹਿਯੋਗ ਕਰਦੇ ਹਨ ਜਾਂ ਈਮਾਨਦਾਰੀ ਨਾਲ ਰਿਪੋਰਟਾਂ ਕਰਦੇ ਹਨ।

ਇੱਕ ਈਮਾਨਦਾਰ ਰਿਪੋਰਟ ਕੀ ਹੈ? ਇਹ ਕਿਸੇ ਅਜਿਹੀ ਚੀਜ਼ ਬਾਰੇ ਬੋਲਣਾ ਹੈ ਜਿਸ ਬਾਰੇ ਤੁਹਾਨੂੰ ਸੱਚਮੁੱਚ ਵਿਸ਼ਵਾਸ ਹੈ ਕਿ ਇਹ ਸਾਡੇ ਜ਼ਾਬਤੇ, ਸਾਡੀਆਂ ਨੀਤੀਆਂ, ਜਾਂ ਕਾਨੂੰਨ ਦੀ ਉਲੰਘਣਾ ਹੋ ਸਕਦੀ ਹੈ - ਭਾਵੇਂ ਤੁਹਾਨੂੰ ਗ਼ਲਤਫਹਿਮੀ ਹੋ ਜਾਂਦੀ ਹੈ।

ਭਾਵੇਂ ਤੁਹਾਡੇ ਸ਼ੰਕੇ ਸੱਚੇ ਸਾਬਤ ਹੁੰਦੇ ਹਨ ਜਾਂ ਨਹੀਂ, ਉਹਨਾਂ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ, ਅਤੇ ਜਦੋਂ ਤੁਸੀਂ ਅੱਗੇ ਆਉਂਦੇ ਹੋ ਤਾਂ ਤੁਹਾਡੀ ਰੱਖਿਆ ਕੀਤੀ ਜਾਵੇਗੀ। ਅਸੀਂ ਤੁਹਾਡੀ ਆਵਾਜ਼ ਦੀ ਕਦਰ ਕਰਦੇ ਹਾਂ ਅਤੇ ਵੱਧ ਤੋਂ ਵੱਧ ਸੰਭਵ ਵੇਰਵੇ ਦੇ ਨਾਲ ਬੋਲਣ ਲਈ ਤੁਹਾਨੂੰ ਉਤਸ਼ਾਹਿਤ ਕਰਦੇ ਹਾਂ। ਜਿੰਨੀ ਜ਼ਿਆਦਾ ਜਾਣਕਾਰੀ ਤੁਸੀਂ ਪ੍ਰਦਾਨ ਕਰਦੇ ਹੋ, ਉਨੀ ਹੀ ਜ਼ਿਆਦਾ ਸੰਭਾਵਨਾ ਹੈ ਕਿ ਅਸੀਂ ਹਥਲੇ ਮਸਲੇ ਨੂੰ ਹੱਲ ਕਰ ਸਕਦੇ ਹਾਂ।

ਇਸ ਲਈ, ਆਵਾਜ਼ ਉਠਾਓ ਅਤੇ ਇਹ ਜਾਣ ਕੇ ਸਹਿਜ ਮਹਿਸੂਸ ਕਰੋ ਕਿ ਤੁਸੀਂ ਉਸ ਭਰੋਸੇ ਅਤੇ ਸਾਖ ਨੂੰ ਬਣਾਈ ਰੱਖਣ ਵਿੱਚ ਸਹਾਇਤਾ ਕਰ ਰਹੇ ਹੋ ਜੋ ਸਾਨੂੰ ਡ੍ਰਾਈਵਰ ਦੀ ਸੀਟ 'ਤੇ ਬਣਾਈ ਰੱਖਦਾ ਹੈ।



# ਇਕੱਠਿਆਂ ਜਿੱਤਣਾ

Tenneco ਵਿਖੇ, ਅਸੀਂ ਇਕ ਟੀਮ ਹਾਂ। ਨਿਰਮਾਣ ਤੋਂ ਲੈ ਕੇ ਆਵੰਡਨ ਤੱਕ ਹਰ ਚੀਜ਼ ਦੇ ਮਾਹਰਾਂ ਨਾਲ, ਅਸੀਂ ਜਾਣਕਾਰੀ ਅਤੇ ਸਰੋਤਾਂ ਲਈ ਇੱਕ ਦੂਜੇ 'ਤੇ ਨਿਰਭਰ ਕਰਦੇ ਹਾਂ। ਜਦੋਂ ਅਸੀਂ ਅਜਿਹਾ ਕਰਦੇ ਹਾਂ, ਅਸੀਂ ਦੇਖਦੇ ਹਾਂ ਕਿ ਸਾਡੇ ਵਿੱਚੋਂ ਹਰੇਕ ਅਸਲ ਵਿੱਚ ਕਿੰਨਾ ਪ੍ਰਤਿਭਾਵਾਨ ਹੈ। ਇੱਕ ਦੂਜੇ ਦੀ ਦੇਖਭਾਲ ਕਰਨ ਅਤੇ ਆਪਣੇ ਮਤਭੇਦਾਂ ਨੂੰ ਕਲਾਵੇ ਵਿੱਚ ਲੈਕੇ, ਅਸੀਂ ਸਫਲ ਹੋਵਾਂਗੇ, ਅਤੇ ਅਸੀਂ ਅਜਿਹਾ ਮਿਲ ਕੇ ਕਰਾਂਗੇ।

## ਇਸ ਸੈਕਸ਼ਨ ਵਿੱਚ:

- ਇੱਕ ਦੂਜੇ ਦੀ ਇੱਜ਼ਤ ਕਰਨਾ
- ਮਿਲਣੇ ਚੱਲਣਾ
- ਸੁਰੱਖਿਆ ਨੂੰ ਪਹਿਲ ਦੇਣਾ
- ਹੋਰ ਪਾਰਟੀਆਂ ਨਾਲ ਮਿਲਕੇ ਕੰਮ ਕਰਨਾ

# ਇੱਕ ਦੂਜੇ ਦੀ ਇੱਜ਼ਤ ਕਰਨਾ

### ਮੰਜ਼ਿਲ

ਸਹਿਯੋਗਕਾਰੀ ਅਤੇ ਸ਼ਮੂਲੀਅਤ ਵਾਲੇ ਵਾਤਾਵਰਣ ਨੂੰ ਉਤਸ਼ਾਹਿਤ ਕਰਨਾ ਜੋ ਤੰਗੀ-ਪਰੇਸ਼ਾਨੀ, ਧੱਕੇਸ਼ਾਹੀ ਅਤੇ ਸੋਸ਼ਣ ਤੋਂ ਮੁਕਤ ਹੈ।

### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਅਸੀਂ ਆਪਣੀ ਟੀਮ ਦੇ ਹਰ ਮੈਂਬਰ ਦੀ ਕਦਰ ਕਰਦੇ ਹਾਂ ਅਤੇ ਜਾਣਦੇ ਹਾਂ ਕਿ ਹਰ ਕਿਸੇ ਨੂੰ ਇੱਜ਼ਤ ਅਤੇ ਸਤਿਕਾਰ ਨਾਲ ਪੇਸ਼ ਆਉਣ ਦਾ ਅਧਿਕਾਰ ਹੈ। ਇਸੇ ਲਈ ਸਾਡੇ ਵਿੱਚੋਂ ਹਰੇਕ, ਸਾਡੀ ਕੰਪਨੀ ਦੇ ਹਰ ਪੱਧਰ 'ਤੇ, ਅਤੇ ਜਿੱਥੇ ਵੀ ਅਸੀਂ ਕੰਮ ਕਰਦੇ ਹਾਂ, ਦਾ ਇੱਕ ਫ਼ਰਜ਼ ਬਣਦਾ ਹੈ ਕਿ ਤੰਗੀ-ਪਰੇਸ਼ਾਨੀ (harassment) ਨੂੰ ਰੋਕਿਆ ਜਾਵੇ।

ਅਸੀਂ ਇੱਕ ਦੂਜੇ 'ਤੇ ਭਰੋਸਾ ਕਰਕੇ ਅਜਿਹਾ ਕਰਦੇ ਹਾਂ। ਹਰ ਚੀਜ਼ ਜੋ ਅਸੀਂ ਕਰਦੇ ਹਾਂ ਭਰੋਸੇ ਨਾਲ ਸ਼ੁਰੂ ਹੁੰਦੀ ਹੈ ਅਤੇ ਖ਼ਤਮ ਹੁੰਦੀ ਹੈ। ਸਾਨੂੰ ਭਰੋਸਾ ਹੈ ਕਿ ਲੋਕ ਸਹੀ ਕੰਮ ਕਰ ਰਹੇ ਹਨ, ਇੱਕ ਦੂਜੇ ਦੀ ਦੇਖਭਾਲ ਕਰ ਰਹੇ ਹਨ, ਅਤੇ ਇੱਕ ਸਕਾਰਾਤਮਕ ਵਾਤਾਵਰਣ ਬਣਾਉਣ ਲਈ ਕੰਮ ਕਰ ਰਹੇ ਹਨ ਜਿੱਥੇ ਟੀਮ ਦੇ ਮੈਂਬਰ ਤੰਗੀ-ਪਰੇਸ਼ਾਨੀ ਦੇ ਡਰ ਤੋਂ ਬਿਨਾਂ ਆਪਣਾ ਕੰਮ ਕਰ ਸਕਦੇ ਹਨ। ਅਸੀਂ ਇਹ ਵੀ ਯਕੀਨੀ ਬਣਾਉਂਦੇ ਹਾਂ ਕਿ ਅਸੀਂ ਤੰਗੀ-ਪਰੇਸ਼ਾਨੀ ਨੂੰ ਪਛਾਣ ਸਕਦੇ ਹਾਂ ਤਾਂ ਜੋ ਜੇ ਅਸੀਂ ਇਸਨੂੰ ਦੇਖਦੇ ਹਾਂ ਤਾਂ ਅਸੀਂ ਇਸ ਦੀ ਰਿਪੋਰਟ ਕਰ ਸਕੀਏ।

## ਨੈਤਿਕ ਵਿਵਹਾਰ ਦਾ ਰੋਲ ਮਾਡਲ।

**ਸੰਮਿਲਤ ਹੋਣਾ।** *ਤੁਸੀਂ ਕਿਸੇ ਟੀਮ ਦੇ ਮੈਂਬਰ ਨੂੰ ਕਿਸੇ ਦੇ ਧਰਮ ਦੀ ਬੇਇੱਜ਼ਤੀ ਕਰਦੇ ਸੁਣਦੇ ਹੋ। ਤੁਸੀਂ ਉਹਨਾਂ ਨੂੰ ਰੋਕਣ ਲਈ ਕਹਿੰਦੇ ਹੋ, ਅਤੇ ਫਿਰ ਵਿਵਹਾਰ ਦੀ ਰਿਪੋਰਟ ਕਰਦੇ ਹੋ। ਕੀ ਤੁਸੀਂ ਸੀਮਾ ਉਲੰਘ ਦਿੱਤੀ? ਨਹੀਂ* ਅਸੀਂ ਦੂਜਿਆਂ ਦੇ ਧਾਰਮਿਕ ਵਿਸ਼ਵਾਸਾਂ ਦਾ ਸਤਿਕਾਰ ਕਰਦੇ ਹਾਂ, ਇਸ ਲਈ ਤੁਸੀਂ ਆਵਾਜ਼ ਉਠਾਕੇ ਸਹੀ ਕੰਮ ਕੀਤਾ। ਜਦੋਂ ਵੀ ਤੁਸੀਂ ਕੁਝ ਅਜਿਹਾ ਹੀ ਨਿਰਾਦਰਜਨਕ ਅਤੇ ਅਣਉਚਿਤ ਦੇਖਦੇ ਹੋ, ਜਾਂ ਜੇ ਤੁਹਾਨੂੰ ਹਿੰਸਾ, ਧਮਕੀਆਂ, ਧੱਕੇਸ਼ਾਹੀ, ਜਾਂ ਤੰਗੀ-ਪਰੇਸ਼ਾਨੀ ਵਾਲੀ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਅਜਿਹਾ ਜ਼ਰੂਰ ਕਰੋ।

## ਸਾਵਧਾਨੀ।

**ਇਸ ਨੂੰ ਪੇਸ਼ੇਵਰ ਰੱਖਣਾ।** *ਤੁਸੀਂ ਹੁਣੇ ਇੱਕ ਟੀਮ ਮੈਂਬਰ ਦੀ ਤਰੱਕੀ ਬਾਰੇ ਜਾਣਿਆ ਹੈ। ਤੁਸੀਂ ਉਹਨਾਂ ਲਈ ਖੁਸ਼ ਹੋ ਅਤੇ ਉਹਨਾਂ ਨੂੰ ਪਿੱਠ 'ਤੇ ਵਧਾਈ ਦੇਣ ਵਾਲੀ ਥਪਕੀ ਦੇਣਾ ਚਾਹੁੰਦੇ ਹੋ। ਆਗਿਆ ਹੈ?* ਸੰਭਵ ਹੈ, ਪਰ ਇਹ ਤੁਹਾਡੇ ਸਥਾਨ 'ਤੇ ਰਿਵਾਜਾਂ ਅਤੇ ਸੱਭਿਆਚਾਰ 'ਤੇ ਨਿਰਭਰ ਕਰਦਾ ਹੈ। ਜੇ ਤੁਹਾਡੇ ਕੋਲ ਅਜਿਹਾ ਵਿਸ਼ਵਾਸ ਕਰਨ ਦਾ ਕੋਈ ਕਾਰਨ ਹੈ ਕਿ ਇਸ ਤਰ੍ਹਾਂ ਦੇ ਸਰੀਰਕ ਸੰਪਰਕ ਦਾ ਸਵਾਗਤ ਨਹੀਂ ਕੀਤਾ ਜਾਵੇਗਾ, ਤਾਂ ਆਪਣੇ ਸਹਿਯੋਗੀ ਨੂੰ ਵਧਾਈ ਦੇਣ ਦਾ ਦੂਜਾ ਤਰੀਕਾ ਲੱਭੋ।

> ਅਸੀਂ ਜਿੱਤ ਦੇ ਸਭ ਤੋਂ ਵਧੀਆ ਮੌਕੇ ਨੂੰ ਯਕੀਨੀ ਬਣਾਉਣ ਲਈ ਖੁੱਲ੍ਹੇ ਅਤੇ ਈਮਾਨਦਾਰ ਦੋ-ਪੱਖੀ ਸੰਚਾਰ ਦੀ ਵਰਤੋਂ ਕਰਦੇ ਹਾਂ।

## ਗਲਤ ਤਰੀਕਾ।

**ਹਾਸਰਸ ਨੂੰ ਬਹਾਨੇ ਵਜੋਂ ਵਰਤਣਾ।** *ਟੀਮ ਵਿੱਚ ਤਣਾਅ ਬਹੁਤ ਹੈ ਕਿਉਂਕਿ ਤਿਮਾਹੀ ਦੀ ਸਮਾਪਤੀ ਦੇ ਨਤੀਜੇ ਨਿਰਾਸ਼ਾਜਨਕ ਸਨ। ਤਣਾਅ ਖਤਮ ਕਰਨ ਲਈ ਇੱਕ ਹਾਸਰਸ ਵਾਲਾ ਮੀਮ ਹੈ ਜੋ ਤੁਸੀਂ ਸਭ ਨੂੰ ਦਿਖਾਉਣਾ ਚਾਹੁੰਦੇ ਹੋ, ਪਰ ਸੰਬੰਧਿਤ ਤਸਵੀਰ ਥੋੜ੍ਹੀ... ਅਜੀਬ ਸੁਝਾਅ ਦੇਣ ਵਾਲੀ ਹੈ। ਓਏ - ਅਸੀਂ ਸਾਰੇ ਬਾਲਗ ਹਾਂ, ਠੀਕ?* ਇਸ ਨੂੰ ਬਹਾਨੇ ਵਜੋਂ ਨਾ ਵਰਤੋਂ। ਅਣਉਚਿਤ ਜਿਨਸੀ ਤਸਵੀਰਾਂ ਨੂੰ ਸਾਂਝਾ ਕਰਨਾ ਜਿਨਸੀ ਉਤਪੀੜਨ ਦਾ ਇੱਕ ਰੂਪ ਹੈ। ਅਸੀਂ ਜਿਨਸੀ ਸੰਕੇਤਅਰਥ ਵਾਲੀਆਂ **ਕਿਸੇ ਵੀ** ਕਿਰਿਆਵਾਂ ਜਾਂ ਸ਼ਬਦਾਂ ਨੂੰ ਬਰਦਾਸ਼ਤ ਨਹੀਂ ਕਰਦੇ ਜੋ ਕਿਸੇ ਨੂੰ ਅਸਹਿਜ ਕਰ ਸਕਦੀਆਂ ਹਨ ਜਾਂ ਉਹਨਾਂ ਦੀ ਕੰਮ ਕਰਨ ਦੀ ਯੋਗਤਾ ਵਿੱਚ ਵਿਘਨ ਪਾ ਸਕਦੀਆਂ ਹਨ। ਸਾਂਝਾ ਕਰਨ ਲਈ ਕੁਝ ਉਚਿਤ ਲੱਭੋ।

## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### "ਉਤਪੀੜਨ" (harassment) ਕਿਸ ਤਰ੍ਹਾਂ ਦਿਖਾਈ ਦਿੰਦਾ ਹੈ?

ਉਤਪੀੜਨ ਜਾਂ ਤੰਗੀ-ਪਰੇਸ਼ਾਨੀ ਉਹ ਵਿਵਹਾਰ ਹੈ ਜਿਸ ਦਾ ਸਵਾਗਤ ਨਹੀਂ ਕੀਤਾ ਜਾਂਦਾ ਅਤੇ ਜੋ ਕੰਮ ਦੇ ਸਥਾਨ ਨੂੰ ਦੁਸ਼ਮਣ ਜਾਂ ਡਰਾਉਣੀ ਜਗ੍ਹਾ ਵਾਂਗ ਮਹਿਸੂਸ ਕਰਵਾ ਸਕਦਾ ਹੈ। ਅਸੀਂ ਇਸ ਦੀ ਬਜਾਏ ਵਿਸ਼ਵਾਸ ਦਾ ਸੱਭਿਆਚਾਰ ਬਣਾਉਣਾ ਚਾਹੁੰਦੇ ਹਾਂ, ਜਿੱਥੇ ਅਸੀਂ ਇੱਕ ਦੂਜੇ ਦੀ ਦੇਖਭਾਲ ਕਰਦੇ ਹਾਂ। ਹਰ ਤਰ੍ਹਾਂ ਦੇ ਉਤਪੀੜਨ ਤੋਂ ਪਰਹੇਜ਼ ਕਰਕੇ ਆਪਣੀ ਭੂਮਿਕਾ ਨਿਭਾਓ, ਜਿਸ ਵਿੱਚ ਸ਼ਾਮਲ ਹੈ:

- **ਜ਼ੁਬਾਨੀ**
  - ਅਰਥਹੀਣ ਜਾਂ ਅਪਮਾਨਜਨਕ ਚੁਟਕਲੇ
  - ਨਸਲੀ ਨਸ਼ਤਰ
  - ਧਮਕੀਆਂ
  - ਪੁੱਠੇ-ਸਿੱਧੇ ਨਾਮ ਲੈਣਾ
  - ਗੰਵਾਰੂ ਟਿੱਪਣੀਆਂ
- **ਸਰੀਰਕ**
  - ਧੱਕਣਾ ਜਾਂ ਮੋਢਾ ਮਾਰਨਾ
  - ਕਿਸੇ ਹੋਰ ਦੇ ਸਰੀਰ ਨਾਲ ਖਹਿਣਾ
  - ਜਿਨਸੀ ਪ੍ਰਗਤੀਆਂ
- **ਦ੍ਰਿਸ਼ਟਾਂਤਕ**
  - ਅਪਮਾਨਜਨਕ ਕਾਰਟੂਨ
  - ਅਪਮਾਨਜਨਕ ਈਮੇਲਾਂ
  - ਗ੍ਰਾਫਿਕ ਚਿੱਤਰ ਜਾਂ ਤਸਵੀਰਾਂ
  - ਭੱਦੀਆਂ ਜਾਂ ਅਸ਼ਲੀਲ ਤੱਕਣੀਆਂ ਜਾਂ ਇਸ਼ਾਰੇ
- **ਭੇਦਭਾਵਪੂਰਨ**
  - ਨਿੱਜੀ ਵਿਸ਼ੇਸ਼ਤਾ ਦੇ ਅਧਾਰ 'ਤੇ, ਜਿਵੇਂ ਕਿ, ਲਿੰਗ ਜਾਂ ਨਸਲ, ਆਦਿ, ਪਰ ਸੂਚੀ ਏਥੋਂ ਤੱਕ ਸੀਮਤ ਨਹੀਂ ਹੈ।

ਯਾਦ ਰੱਖੋ ਕਿ ਸਾਡੇ ਜ਼ਾਬਤਾ ਦੀ ਉਲੰਘਣਾ ਕਰਨ ਲਈ ਗਲਤ ਵਿਵਹਾਰ ਨੂੰ ਇਸ ਸੂਚੀ ਵਿੱਚ ਨਹੀਂ ਆਉਣਾ ਚਾਹੀਦਾ। ਯਾਦ ਰੱਖਣ ਵਾਲੀ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਇੱਕ-ਦੂਜੇ ਦਾ ਆਦਰ ਕਰਨਾ ਅਤੇ ਇੱਕ ਦੂਜੇ ਦੀਆਂ ਭਾਵਨਾਵਾਂ ਦਾ ਧਿਆਨ ਰੱਖਣਾ। ਆਖਰਕਾਰ, ਇਹ ਤੁਹਾਡੀਆਂ ਕਿਰਿਆਵਾਂ ਦਾ ਪ੍ਰਭਾਵ ਹੈ ਜੋ ਮਹੱਤਵਪੂਰਨ ਹੈ। ਇਹ ਕਹਿਣਾ ਕਿ, "ਮੇਰਾ ਮਤਲਬ ਇਹ ਨਹੀਂ ਸੀ" ਸਭ ਕੁਝ ਠੀਕ ਨਹੀਂ ਕਰ ਦਿੰਦਾ।



## ਗੈਰਾਜ

# ਮਿਲਣੇ ਚੱਲਣਾ

## ਮੰਜ਼ਿਲ

ਇੱਕ ਅਜਿਹੇ ਵਾਤਾਵਰਣ ਨੂੰ ਉਤਸ਼ਾਹਿਤ ਕਰਨਾ ਜਿੱਥੇ ਹਰ ਕੋਈ ਸੰਮਿਲਤ ਅਤੇ ਆਪਣੇ ਸੰਪੂਰਨ ਰੂਪ ਨੂੰ ਕੰਮ ’ਤੇ ਲਿਆਉਣ ਲਈ ਉਤਸ਼ਾਹਤ ਮਹਿਸੂਸ ਕਰਦਾ ਹੈ।

## ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

Tennecoਵਿਖੇ, ਅਸੀਂ ਮਹਾਨਤਾ ਦੀ ਤਲਾਸ਼ ਕਰਦੇ ਹਾਂ, ਜੋ ਸਭ ਕਿਸਮਾਂ ਵਿੱਚ ਮਿਲਦੀ ਹੈ। ਹਾਲਾਂਕਿ ਅਸੀਂ ਖੁਸ਼ਕਿਸਮਤ ਹਾਂ ਕਿ ਸਾਡੇ ਕੋਲ ਵੰਨ-ਸੁਵੰਨੇ ਪਿਛੋਕੜ ਵਾਲੀ ਇੱਕ ਪ੍ਰਤਿਭਾਵਾਨ ਟੀਮ ਹੈ, ਪਰ ਅਸੀਂ ਏਥੇ ਹੀ ਨਹੀਂ ਰੁਕਦੇ। ਸਾਡਾ ਟੀਚਾ ਹੈ ਕਿ ਸਾਡੀ ਟੀਮ ਦਾ ਹਰੇਕ ਮੈਂਬਰ ਅਹਿਮੀਅਤ-ਪ੍ਰਾਪਤ, ਸੰਮਿਲਤ ਅਤੇ ਆਦਰਯੋਗ ਮਹਿਸੂਸ ਕਰੇ।

ਸਾਡੇ ਲੋਕ ਸਾਡੀ ਸਭ ਤੋਂ ਵੱਡੀ ਸੰਪਤੀ ਹਨ। ਅਸੀਂ ਸੰਮਿਲਨਤਾ ਅਤੇ ਵਿਭਿੰਨਤਾ ਨੂੰ ਉਤਸ਼ਾਹਿਤ ਕਰਦਿਆਂ, ਰੁਜ਼ਗਾਰ ਦੀਆਂ ਜਾਇਜ਼ ਰਵਾਇਤਾਂ ਦੀ ਪਾਲਣਾ ਕਰਦੇ ਹੋਏ, ਅਤੇ ਭੇਦ-ਭਾਵ ਨੂੰ ਕਦੇ ਵੀ ਬਰਦਾਸ਼ਤ ਨਾ ਕਰਦੇ ਹੋਏ, ਉਹਨਾਂ ਦੀ ਰੱਖਿਆ ਕਰਦੇ ਹਾਂ। ਵਖਰੇਵਿਆਂ ਦਾ ਜਸ਼ਨ ਮਨਾਉਂਦੇ ਹੋਏ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਉਹਨਾਂ ਦੇ ਸਭ ਤੋਂ ਬਿਹਤਰੀਨ ਸਰੂਪ ਵਿੱਚ ਰਹਿਣ ਦੀ ਪ੍ਰੇਰਣਾ ਦੇ ਕੇ, ਹਰੇਕ ਨੂੰ ਸਫਲ ਹੋਣ ਲਈ ਬਰਾਬਰ ਦਾ ਮੌਕਾ ਦੇਣ ਵਿੱਚ ਸਾਡੀ ਸਹਾਇਤਾ ਕਰੋ।

**ਅਸੀਂ ਵਿਵਿਧਤਾ ਦੇ ਸਾਰੇ ਰੂਪਾਂ ਦੀ ਕਦਰ ਕਰਦੇ ਹਾਂ, ਜਿਨ੍ਹਾਂ ਵਿੱਚ ਸ਼ਾਮਲ ਹਨ:** ਉਮਰ, ਪੂਰਵਜਤਾ, ਵੰਸ਼ ਜਾਂ ਨਾਗਰਿਕਤਾ, ਰੰਗ, ਨਸਲ, ਧਰਮ (ਧਾਰਮਿਕ ਪਹਿਰਾਵਾ ਅਤੇ ਸਜਣ-ਸੰਵਰਨ ਦੇ ਤਰੀਕਿਆਂ ਸਮੇਤ), ਨਸਲੀ-ਮੂਲ, ਅਪੰਗਤਾ, ਵਿਆਹੁਤਾ ਜਾਂ ਪਰਿਵਾਰਕ ਸਥਿਤੀ, ਡਾਕਟਰੀ ਸਥਿਤੀ, ਆਣੁਵਾਂਸ਼ਿਕ ਜਾਣਕਾਰੀ, ਮਿਲਟਰੀ ਅਤੇ ਸਾਬਕਾ ਫੌਜੀ ਦਰਜਾ, ਰਾਜਨੀਤਿਕ ਝੁਕਾਓ, ਰਾਸ਼ਟਰੀ ਮੂਲ (ਭਾਸ਼ਾ ਦੀ ਵਰਤੋਂ ਦੀਆਂ ਪਾਬੰਦੀਆਂ ਸਮੇਤ), ਲਿੰਗ (ਗਰਭ ਅਵਸਥਾ, ਜਣੇਪਾ, ਦੁੱਧ ਚੁੰਘਾਉਣਾ, ਅਤੇ ਸੰਬੰਧਿਤ ਸ਼ਰਤਾਂ ਸਮੇਤ), ਲਿੰਗੀ ਸ਼ਨਾਖਤ ਅਤੇ ਪ੍ਰਗਟਾਓ, ਜਿਨਸੀ ਝੁਕਾਓ, ਅਤੇ ਹੋਰ ਵੀ ਕਈ ਕੁਝ।

**ਅਸੀਂ ਸਾਡੇ ਵੱਲੋਂ ਕੀਤੇ ਜਾਂਦੇ ਹਰ ਕੰਮ ਵਿੱਚ ਸੰਮਿਲਨਤਾ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਾਂ।**

## ਨੈਤਿਕ ਵਿਵਹਾਰ ਦਾ ਰੋਲ ਮਾਡਲ।

**ਬਰਾਬਰ ਮੌਕੇ ਨੂੰ ਉਤਸ਼ਾਹਿਤ ਕਰਨਾ।** *ਤੁਹਾਡੀ ਟੀਮ ਦਾ ਮੰਨਣਾ ਹੈ ਕਿ ਲਿੰਗ ਬਦਲਣ ਦੇ ਫੈਸਲੇ ਕਾਰਨ ਕਿਸੇ ਨੂੰ ਕਿਸੇ ਪ੍ਰੋਜੈਕਟ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਉਹ ਮਦਦ ਲਈ ਤੁਹਾਡੇ ਕੋਲ ਆਉਂਦੇ ਹਨ। ਸਹੀ ਚੋਣ?* ਯਕੀਨੀ ਤੌਰ ’ਤੇ। ਰੁਜ਼ਗਾਰ ਦੇ ਫੈਸਲੇ ਨੌਕਰੀ-ਸੰਬੰਧੀ ਮਾਪਦੰਡਾਂ ’ਤੇ ਅਧਾਰਤ ਹੋਣੇ ਚਾਹੀਦੇ ਹਨ, ਬਿਨਾਂ ਲਿੰਗੀ ਪ੍ਰਗਟਾਓ ਦੀ ਪਰਵਾਹ ਕੀਤਿਆਂ। ਆਵਾਜ਼ ਉਠਾਕੇ, ਤੁਹਾਡੀ ਟੀਮ ਇੱਕ ਨਿਰਪੱਖ, ਵਿਵਿਧ ਅਤੇ ਸੁਆਗਤਮਈ ਕਾਰਜ-ਸਥਾਨ ਨੂੰ ਬਣਾਈ ਰੱਖਣ ਵਿੱਚ ਸਹਾਇਤਾ ਕਰ ਰਹੀ ਹੈ। ਤੁਸੀਂ ਵੀ ਗੱਲਬਾਤ ਵਿੱਚ ਕੁਝ ਅਜਿਹੇ ਵਿਚਾਰ ਲਿਆਉਂਦੇ ਹੋ ਕਿ ਅਸੀਂ ਉਸ ਵਿਅਕਤੀ ਨੂੰ ਕਿਵੇਂ ਦੱਸੀਏ ਕਿ ਅਸੀਂ ਉਹਨਾਂ ਦੇ ਬਦਲਾਅ ਦਾ ਸਮਰਥਨ ਕਰਦੇ ਹਾਂ। ਗੱਲਬਾਤ ਨੂੰ ਜਾਰੀ ਰੱਖਦਿਆਂ, ਤੁਹਾਡੀ ਟੀਮ ਵਿਚਾਰਾਂ ਨੂੰ ਵਧੇਰੇ ਜਲਦੀ ਅਮਲ ਵਿੱਚ ਲਿਆ ਸਕਦੀ ਹੈ।

## ਸਾਵਧਾਨੀ।

**ਸੁਚੇਤ ਹੋਕੇ ਕੰਮ ਕਰਨਾ।** *ਤੁਹਾਡੀ ਟੀਮ ਦੋ ਉਮੀਦਵਾਰਾਂ ਦੀ ਇੰਟਰਵਿਊ ਲੈ ਰਹੀ ਹੈ ਜੋ ਬਰਾਬਰ ਯੋਗਤਾ ਪ੍ਰਾਪਤ ਹਨ। ਉਮੀਦਵਾਰਾਂ ਵਿੱਚੋਂ ਇੱਕ ਵਿਭਿੰਨ ਹੈ। ਟੀਮ ਦਾ ਇੱਕ ਵਿਅਕਤੀ ਦੂਜੇ ਵਿਅਕਤੀ ਨੂੰ ਬਿਹਤਰ ਸ਼ਖਸੀਅਤ ਵਾਲੇ ਵਿਅਕਤੀ ਦੀ ਚੋਣ ਕਰਨ ਦਾ ਸੁਝਾਅ ਦਿੰਦਾ ਹੈ ਕਿਉਂਕਿ ਉਹ ਬਿਹਤਰ ਫਿੱਟ ਬੈਠੇਗਾ। ਸਮਝਦਾਰੀ ਵਾਲੀ ਚਾਲ?* ਅਸਲ ਵਿੱਚ ਨਹੀਂ। ਅਪ੍ਰਤੱਖ ਪੱਖਪਾਤ ਤੁਹਾਨੂੰ ਗਲਤ ਦਿਸ਼ਾ ਵੱਲ ਲਿਜਾ ਸਕਦਾ ਹੈ। ਇਹ ਵਿਚਾਰ ਕਰਨਾ ਬਿਹਤਰ ਹੋਵੇਗਾ ਕਿ ਵਿਭਿੰਨਤਾ ਤੁਹਾਡੇ ਗਰੁੱਪ ਨੂੰ ਕਿਵੇਂ ਮਜ਼ਬੂਤ ਕਰ ਸਕਦੀ ਹੈ।

## ਗਲਤ ਤਰੀਕਾ।

**ਨਿਰਾਦਰ ਕਰਨਾ।** *ਤੁਹਾਡਾ ਮੈਨੇਜਰ ਕਿਸੇ ਦੀ ਕੌਮੀਅਤ ਬਾਰੇ ਮਜ਼ਾਕ ਕਰਦਾ ਹੈ। ਉਸ ਸਮੇਂ ਕੋਈ ਵੀ ਕੁਝ ਨਹੀਂ ਕਹਿੰਦਾ, ਪਰ ਹਰ ਕੋਈ ਬਾਅਦ ਵਿੱਚ ਇਸ ਬਾਰੇ ਕਾਨਾਫੂਸੀ ਕਰਦਾ ਹੈ ਕਿ ਇਹ ਕਿੰਨਾ ਅਣਉਚਿਤ ਸੀ। ਘੱਟੋ ਘੱਟ ਤੁਸੀਂ ਸਾਰੇ ਇੱਕ ਚੀਜ਼ ’ਤੇ ਸਹਿਮਤ ਹੋ, ਠੀਕ ਹੈ?* ਗਲਤ। Tenneco ਵਿੱਚ ਇਸ ਕਿਸਮ ਦੀਆਂ ਟਿੱਪਣੀਆਂ ਦੇ ਲਈ ਕੋਈ ਜਗ੍ਹਾ ਨਹੀਂ ਹੈ। ਆਵਾਜ਼ ਉਠਾਓ ਅਤੇ ਜਾਣ ਲਓ ਕਿ ਜੇ ਤੁਸੀਂ ਅਜਿਹਾ ਕਰਦੇ ਹੋ ਤਾਂ ਤੁਹਾਨੂੰ ਬਦਲਾਲਊ ਭਾਵਨਾ ਤੋਂ ਸੁਰੱਖਿਅਤ ਕੀਤਾ ਜਾਵੇਗਾ।




## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਵਧੇਰੇ ਸੰਮਿਲਤ ਹੋਣ ਦੇ ਤਰੀਕੇ ਲੱਭ ਰਹੇ ਹੋ?

- ਆਪਣੀਆਂ ਵਿਲੱਖਣ ਵਿਸ਼ੇਸ਼ਤਾਵਾਂ ਬਾਰੇ ਗੱਲ ਕਰੋ - ਇਹ ਦੂਸਰਿਆਂ ਨੂੰ ਵੀ ਅਜਿਹਾ ਕਰਨ ਲਈ ਉਤਸ਼ਾਹਤ ਕਰ ਸਕਦਾ ਹੈ।
- ਮੁਸ਼ਕਿਲ ਗੱਲਾਂਬਾਤਾਂ ਤੋਂ ਸੰਕੋਚ ਨਾ ਕਰੋ, ਪਰ ਵੱਖੋ ਵੱਖਰੇ ਦ੍ਰਿਸ਼ਟੀਕੋਣ ਲੱਭੋ, ਉਹਨਾਂ ਨੂੰ ਸੁਣੋ ਅਤੇ ਆਦਰ ਕਰੋ।
- ਕਦੇ ਵੀ ਇਹ ਮੰਨਣ ਤੋਂ ਨਾ ਡਰੋ ਕਿ ਤੁਹਾਡੇ ਕੋਲ ਕਿਸੇ ਹੋਰ ਦੇ ਤਜ਼ਰਬੇ ਬਾਰੇ ਸਿੱਖਣ ਲਈ ਬਹੁਤ ਕੁਝ ਹੈ।
- ਬੋਲੋ ਅਤੇ ਉਹਨਾਂ ਤਰੀਕਿਆਂ ਨਾਲ ਕੰਮ ਕਰੋ ਜੋ ਲੋਕਾਂ ਨੂੰ ਉਸ ਰੂਪ ਵਿੱਚ ਮਹੱਤਵਪੂਰਨ ਮਹਿਸੂਸ ਕਰਾਉਂਦੇ ਹਨ ਜੋ ਉਹ ਹਨ।
- ਰੁਜ਼ਗਾਰ-ਸੰਬੰਧੀ ਫੈਸਲੇ ਲੈਂਦੇ ਸਮੇਂ ਹਮੇਸ਼ਾ ਵਿਭਿੰਨਤਾ ਦੀ ਮਹੱਤਤਾ ’ਤੇ ਵਿਚਾਰ ਕਰੋ।

## ਗੈਰਾਜ

# ਸੁਰੱਖਿਆ ਨੂੰ ਪਹਿਲ ਦੇਣਾ

### ਮੰਜ਼ਿਲ

ਅਜਿਹਾ ਮਾਹੌਲ ਬਣਾਉਣਾ ਜਿੱਥੇ ਅਸੀਂ ਸੁਰੱਖਿਅਤ ਮਹਿਸੂਸ ਕਰਦੇ ਹਾਂ ਅਤੇ ਇੱਕ ਦੂਜੇ ਦੀ ਦੇਖਭਾਲ ਕਰਦੇ ਹਾਂ।

### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਸੁਰੱਖਿਆ ਸਾਡੇ ਸੱਭਿਆਚਾਰ ਦਾ ਇੱਕ ਵੱਡਾ ਹਿੱਸਾ ਹੈ, ਅਤੇ ਸਾਡੇ ਵਿੱਚੋਂ ਹਰੇਕ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਨੀਤੀਆਂ ਅਤੇ ਪ੍ਰਕਿਰਿਆਵਾਂ, ਜਾਂਚਾਂ ਅਤੇ ਪੜਤਾਲ-ਸੂਚੀਆਂ, ਸੁਰੱਖਿਆ ਕਮੇਟੀਆਂ ਅਤੇ ਸੁਰੱਖਿਆ ਸਿਖਲਾਈ ਦੇ ਜ਼ਰੀਏ, ਅਸੀਂ ਇਹ ਯਕੀਨੀ ਬਣਾਉਣ ਲਈ ਸਖਤ ਮਿਹਨਤ ਕਰਦੇ ਹਾਂ ਕਿ ਹਰ ਕੋਈ ਸੁਰੱਖਿਅਤ ਮਹਿਸੂਸ ਕਰੇ।

ਸਫਲ ਹੋਣ ਲਈ, ਸਾਨੂੰ ਤੁਹਾਡੀ ਮਦਦ ਦੀ ਲੋੜ ਹੈ। ਸੁਚੇਤ ਰਹੋ, ਸੁਰੱਖਿਅਤ ਕੰਮ ਕਰਨ ਦੀ ਮਿਸਾਲ ਕਾਇਮ ਕਰੋ, ਅਤੇ ਇੱਕ ਦੂਜੇ ਦਾ ਖਿਆਲ ਰੱਖੋ।

## ਨੈਤਿਕ ਵਿਵਹਾਰ ਦਾ ਰੇਲ ਮਾਡਲ।

**ਜਾਣਕਾਰੀ ਪ੍ਰਾਪਤ ਕਰਦੇ ਰਹਿਣਾ।** *ਤੁਸੀਂ ਆਪਣੇ ਕੰਮ ਦੇ ਖੇਤਰ ਵਿੱਚ ਇੱਕ ਨਵਾਂ ਖ਼ਤਰੇ ਦਾ ਸੰਕੇਤ ਦੇਖਦੇ ਹੋ, ਇਸ ਲਈ ਤੁਸੀਂ ਇਸ ਨਾਲ ਆਪਣੇ ਆਪ ਨੂੰ ਜਾਣੂੰ ਕਰਾਉਣ ਲਈ ਸਮਾਂ ਲੈਂਦੇ ਹੋ। ਚੰਗਾ ਵਿਚਾਰ ਹੈ?* ਬਿਲਕੁੱਲ! ਜਾਣਕਾਰੀ ਲੈਂਦੇ ਰਹਿਣਾ ਸੁਰੱਖਿਆ ਨੂੰ ਉਤਸ਼ਾਹਤ ਕਰਨ ਦਾ ਇੱਕ ਵਧੀਆ ਤਰੀਕਾ ਹੈ। ਸੰਭਾਵੀ ਖ਼ਤਰਿਆਂ ਵਾਸਤੇ ਦੇਖਦੇ ਰਹੋ, ਸੁਰੱਖਿਆ ਦੀਆਂ ਜ਼ਰੂਰਤਾਂ ਬਾਰੇ ਤਾਜ਼ਾ ਜਾਣਕਾਰੀ ਲੈਂਦੇ ਰਹੋ, ਅਤੇ ਘਟਨਾਵਾਂ, ਸੱਟਾਂ, ਵਾਲ-ਵਾਲ ਬਚ ਜਾਣ ਦੀਆਂ ਘਟਨਾਵਾਂ, ਅਤੇ ਅਸੁਰੱਖਿਅਤ ਸਥਿਤੀਆਂ ਦੀ ਤੁਰੰਤ ਰਿਪੋਰਟ ਕਰੋ।

**ਆਪਣੀ ਦੂਰੀ ਬਣਾ ਕੇ ਰੱਖਣਾ।** *ਤੁਹਾਡਾ ਟਿਕਾਣਾ ਇਕਾਂਤਵਾਸ ਦੇ ਅਧੀਨ ਹੈ, ਅਤੇ ਹਰੇਕ ਨੂੰ ਘਰ ਤੋਂ ਕੰਮ ਕਰਨ ਲਈ ਕਿਹਾ ਗਿਆ ਹੈ। ਪਰ, ਤੁਹਾਡੇ ਕੋਲ ਇੱਕ ਜ਼ਰੂਰੀ ਕੰਮ ਹੈ ਜੋ ਤੁਹਾਨੂੰ ਲਾਜ਼ਮੀ ਤੌਰ 'ਤੇ ਸਾਈਟ ਉੱਤੇ ਕਰਨਾ ਚਾਹੀਦਾ ਹੈ, ਇਸ ਲਈ ਤੁਸੀਂ ਅੰਦਰ ਜਾਣ ਲਈ ਆਪਣੇ ਮੈਨੇਜਰ ਤੋਂ ਮਨਜ਼ੂਰੀ ਲੈਂਦੇ ਹੋ। ਓਥੇ ਜਾਕੇ, ਤੁਸੀਂ ਦੂਜਿਆਂ ਤੋਂ ਆਪਣੀ ਦੂਰੀ ਬਣਾਈ ਰੱਖਦੇ ਹੋ, ਆਪਣੇ ਹੱਥ ਅਕਸਰ ਧੋਂਦੇ ਹੋ, ਅਤੇ ਜ਼ਿਆਦਾ ਸਪੱਰਸ਼ ਕੀਤੀਆਂ ਜਾਣ ਵਾਲੀਆਂ ਸਤਹਾਂ ਨੂੰ ਕੀਟਾਣੂੰ-ਰਹਿਤ ਕਰਦੇ ਹੋ। ਸਮਝਦਾਰੀ ਵਾਲੀਆਂ ਚੋਣਾਂ?* ਹਾਂ। ਕਈ ਵਾਰ ਅਜਿਹੇ ਸਮੇਂ ਆ ਸਕਦੇ ਹਨ ਜਦ ਤੁਹਾਨੂੰ ਇਕਾਂਤਵਾਸ ਦੌਰਾਨ ਵੀ ਕੰਮ ਕਰਨ ਲਈ ਰਿਪੋਰਟ ਕਰਨਾ ਪੈ ਸਕਦਾ ਹੈ। ਉਹਨਾਂ ਸਥਿਤੀਆਂ ਵਿੱਚ, ਸੁਰੱਖਿਅਤ ਰਹਿਣ ਲਈ ਸਿਹਤਮੰਦ ਆਦਤਾਂ ਦੀ ਪਾਲਣਾ ਕਰੋ।

## ਸਾਵਧਾਨੀ।

**ਡਿਊਟੀ ਲਈ ਤੰਦਰੁਸਤ ਹੋਣਾ।** *ਤੁਸੀਂ ਮਾਈਗਰੇਨ ਲਈ ਤਜਵੀਜ਼ਸ਼ੁਦਾ ਦਵਾਈ ਦਾ ਇਸਤੇਮਾਲ ਕਰਦੇ ਹੋ। ਕੰਮ ਕਰਨਾ ਠੀਕ ਹੈ?* ਹੋ ਸਕਦਾ ਹੈ। ਬੱਸ ਇਹ ਯਕੀਨੀ ਬਣਾਓ ਕਿ ਅਜੇ ਵੀ ਸੁਰੱਖਿਅਤ ਤਰੀਕੇ ਨਾਲ ਕੰਮ ਕਰਨ ਦੇ ਯੋਗ ਹੋਣ ਲਈ ਤੁਹਾਡੇ ਡਾਕਟਰ ਨੇ ਤੁਹਾਨੂੰ ਹਰੀ ਝੰਡੀ ਦਿੱਤੀ ਹੈ। ਕਈ ਵਾਰ **ਤਜਵੀਜ਼ਸ਼ੁਦਾ** ਦਵਾਈਆਂ ਨਿਰਣੇ ਕਰਨ ਦੀ ਯੋਗਤਾ ਨੂੰ ਨਕਾਰਾ ਕਰ ਸਕਦੀਆਂ ਹਨ। ਜਿੱਥੋਂ ਤੱਕ **ਗੈਰਕਾਨੂੰਨੀ** ਦਵਾਈਆਂ, **ਮਨੋਰੰਜਕ** ਦਵਾਈਆਂ ਅਤੇ ਸ਼ਰਾਬ ਦਾ ਸਵਾਲ ਹੈ, ਇਹਨਾਂ ਨੂੰ ਕੰਮ 'ਤੇ ਵਰਤਣਾ ਹਰ ਕਿਸੇ ਦੀ ਸੁਰੱਖਿਆ ਨੂੰ ਜੋਖ਼ਮ ਵਿੱਚ ਪਾ ਦਿੰਦਾ ਹੈ। ਆਓ ਇਹਨਾਂ ਪਦਾਰਥਾਂ ਨੂੰ ਸਾਡੀ ਕੰਮ ਵਾਲੀ ਥਾਂ ਤੋਂ ਦੂਰ ਰੱਖੀਏ।

## ਗਲਤ ਤਰੀਕਾ।

**ਧਮਕੀਆਂ ਨੂੰ ਨਜ਼ਰ ਅੰਦਾਜ਼ ਕਰਨਾ।** *ਟੀਮ ਦਾ ਕੋਈ ਮੈਂਬਰ ਤੁਹਾਡੇ ਬੌਸ ਨੂੰ ਥੱਪੜ ਮਾਰਨਾ ਚਾਹੁਣ ਬਾਰੇ ਗੱਲ ਕਰਦਾ ਹੈ। ਤੁਸੀਂ ਸਮਝਦੇ ਹੋ ਕਿ ਉਸਦਾ ਗੁੱਸਾ ਲੱਥ ਜਾਵੇਗਾ, ਇਸ ਲਈ ਤੁਸੀਂ ਇਸ ਨੂੰ ਅਣਦੇਖਿਆ ਕਰ ਦਿੰਦੇ ਹੋ। ਕੋਈ ਵੱਡੀ ਗੱਲ ਨਹੀਂ, ਸਹੀ?* ਗਲਤ। ਹਿੰਸਾ ਦੀ ਕਿਸੇ ਵੀ ਚੇਤਾਵਨੀ ਵਾਸਤੇ ਹਮੇਸ਼ਾ ਦੇਖਦੇ ਰਹੋ - ਅਤੇ ਇਸਦੀ ਰਿਪੋਰਟ ਕਰੋ। ਅਸੀਂ ਇਕ ਟੀਮ ਹਾਂ। ਆਓ ਇੱਕ ਦੂਜੇ ਦਾ ਖਿਆਲ ਰੱਖੀਏ।

> **ਸਾਡੇ ਵੱਲੋਂ ਚੀਜ਼ਾਂ ਨੂੰ ਕਰਨ ਦਾ ਤਰੀਕਾ ਸਾਡੀ ਸਫਲਤਾ ਲਈ ਓਨਾ ਹੀ ਮਹੱਤਵਪੂਰਨ ਹੈ ਜਿੰਨਾ ਇਹ ਕਿ ਅਸੀਂ ਕੀ ਕਰਦੇ ਹਾਂ।**

## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਮੈਂ ਕੰਮ ਵਾਲੀ ਜਗ੍ਹਾ 'ਤੇ ਹਿੰਸਾ ਵਾਸਤੇ ਕਿਵੇਂ ਦੇਖਾਂ?

ਇਹ ਕਿਆਸ ਲਾਉਣਾ ਬਹੁਤ ਮੁਸ਼ਕਿਲ ਹੋ ਸਕਦਾ ਹੈ ਕਿ ਕੀ ਕੋਈ ਹਿੰਸਕ ਹੋ ਜਾਵੇਗਾ। ਹਾਲਾਂਕਿ, ਚੀਜ਼ਾਂ ਨੂੰ ਸੰਦਰਭ ਵਿੱਚ ਪਾਉਣਾ ਮਦਦ ਕਰ ਸਕਦਾ ਹੈ। ਜੇ ਕੋਈ ਇੱਕ ਤੋਂ ਵੱਧ ਚੇਤਾਵਨੀ ਦੇ ਚਿੰਨ੍ਹ ਦਿਖਾਉਂਦਾ ਹੈ ਜਾਂ ਜੇ ਉਹਨਾਂ ਦੇ ਵਿਵਹਾਰ ਵਿਗੜ ਰਹੇ ਹਨ, ਤਾਂ ਮੈਨੇਜਰ ਨਾਲ ਗੱਲ ਕਰੋ।

ਵਿਵਹਾਰਾਂ ਦੀਆਂ ਉਹ ਉਦਾਹਰਨਾਂ ਜਿਨ੍ਹਾਂ ਵਾਸਤੇ ਤੁਹਾਨੂੰ ਦੇਖਦੇ ਰਹਿਣਾ ਚਾਹੀਦਾ ਹੈ:

- ਅਚਾਨਕ, ਨਿਰੰਤਰ ਗੈਰ-ਵਾਜਬ ਵਿਵਹਾਰ ਕੀਤੇ ਜਾਣ ਬਾਰੇ ਸ਼ਿਕਾਇਤਾਂ
- ਸਹਿਕਰਮੀਆਂ ਜਾਂ ਪ੍ਰਬੰਧਕਰਨੀ ਨਾਲ ਮਾੜੇ ਸੰਬੰਧ
- ਵਿਵਹਾਰ ਵਿੱਚ ਅਚਾਨਕ ਤਬਦੀਲੀਆਂ, ਮਿਜਾਜ਼ ਦੀਆਂ ਪਲਟੀਆਂ, ਜਾਂ ਉੱਟਪਟਾਂਗ ਵਿਵਹਾਰ
- ਪਾਗਲਪਣ ਵਾਲਾ ਵਿਵਹਾਰ
- ਚਿੜਚਿੜੇਪਣ ਦੇ ਸਰੀਰਕ ਚਿੰਨ੍ਹ ਜਿਵੇਂ ਕਿ ਤੇਜ਼ ਚਹਿਲਕਦਮੀਂ, ਚਿਲਾਉਣਾ, ਚੀਕਣਾ, ਜ਼ੁਬਾਨੀ ਤੌਰ 'ਤੇ ਗਾਲੀ-ਗਲੋਚ ਵਾਲੀਆਂ ਜਾਂ ਧਮਕਾਊ ਟਿੱਪਣੀਆਂ ਕਰਨਾ, ਜਾਂ ਬਹਿਸਬਾਜ਼ੀ ਕਰਨਾ

## ਗੈਰਾਜ



# ਹੋਰ ਪਾਰਟੀਆਂ ਨਾਲ ਮਿਲਕੇ ਕੰਮ ਕਰਨਾ

### ਮੰਜ਼ਿਲ

ਦੂਜੀਆਂ ਪਾਰਟੀਆਂ ਨਾਲ ਪਰਸਪਰ ਵਿਸ਼ਵਾਸ ਅਤੇ ਸਤਿਕਾਰ ਪੈਦਾ ਕਰਨਾ ਜੋ ਸਾਡੀਆਂ ਮੂਲ ਕਦਰਾਂ-ਕੀਮਤਾਂ ਨੂੰ ਸਾਂਝਾ ਕਰਦੀਆਂ ਹਨ।

### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਅਸੀਂ Tenneco ਵਿਖੇ ਨਿਰੰਤਰ ਵਾਧੇ ਅਤੇ ਸਫਲਤਾ ਦੀ ਉਮੀਦ ਕਰਦੇ ਹਾਂ। ਸਾਡੀ ਸਫਲਤਾ ਦਾ ਇੱਕ ਮਹੱਤਵਪੂਰਨ ਹਿੱਸਾ ਹੈ ਸਾਡੇ ਗਾਹਕਾਂ, ਵਿਕਰੇਤਾਵਾਂ ਅਤੇ ਹੋਰ ਪਾਰਟੀਆਂ ਨਾਲ ਪਰਸਪਰ ਲਾਭਦਾਇਕ ਸਾਂਝੇਦਾਰੀਆਂ ਕਰਨਾ।

ਜਿਵੇਂ ਅਸੀਂ ਆਪਣੇ ਲਈ ਉੱਚੇ ਮਿਆਰ ਤੈਅ ਕਰਦੇ ਹਾਂ, ਸਾਨੂੰ ਉਹਨਾਂ ਲੋਕਾਂ ਤੋਂ ਵੀ ਕੁਝ ਉਮੀਦਾਂ ਹਨ ਜੋ ਸਾਡੇ ਨਾਲ ਕੰਮ ਕਰਨਾ ਚਾਹੁੰਦੇ ਹਨ। ਅਸੀਂ ਸੌਦੇਬਾਜ਼ੀ ਦੇ ਆਪਣੇ ਸਿਰੇ ਨੂੰ ਬਰਕਰਾਰ ਰੱਖਣ ਲਈ ਆਪਣੀ ਪੂਰੀ ਕੋਸ਼ਿਸ਼ ਕਰਦੇ ਹਾਂ ਕਿਉਂਕਿ ਸਿਹਤਮੰਦ ਵਪਾਰਕ ਸੰਬੰਧ ਹਰ ਕਿਸੇ ਲਈ ਜਿੱਤ ਹੁੰਦੇ ਹਨ।

## ਨੈਤਿਕ ਵਿਵਹਾਰ ਦਾ ਰੋਲ ਮਾਡਲ।

**ਸਮਝਦਾਰੀ ਨਾਲ ਚੁਣਨਾ।** *ਤੁਸੀਂ ਇੱਕ ਆਉਣ ਵਾਲੇ ਪ੍ਰੋਜੈਕਟ ਲਈ ਦੋ ਵਿਕਰੇਤਾਵਾਂ ਵਿਚਕਾਰ ਫੈਸਲਾ ਕਰ ਰਹੇ ਹੋ। ਦੋਵਾਂ ਦੀ ਤਸਦੀਕ ਕਰ ਲਈ ਗਈ ਹੈ ਅਤੇ ਚੰਗੀ ਸਾਖ ਦੀ ਪੁਸ਼ਟੀ ਕੀਤੀ ਗਈ ਹੈ, ਪਰ ਇੱਕ ਚੰਗੀ ਤਰ੍ਹਾਂ ਮਸ਼ਹੂਰ ਹੈ, ਅਤੇ ਦੂਜਾ ਨਹੀਂ। ਤੁਸੀਂ ਮਸ਼ਹੂਰ ਵਿਕਰੇਤਾ ਦੀ ਚੋਣ ਕਰਨ ਲਈ ਲਲਚਾ ਜਾਂਦੇ ਹੋ, ਪਰ ਜਦੋਂ ਤੁਸੀਂ ਲੋੜਾਂ, ਕੀਮਤ, ਗੁਣਵੱਤਾ, ਉਪਲਬਧਤਾ ਅਤੇ ਸੇਵਾਵਾਂ ਦਾ ਮੁਲਾਂਕਣ ਕਰਦੇ ਹੋ, ਤਾਂ ਘੱਟ ਜਾਣੇ-ਪਛਾਣੇ ਵਿਕਰੇਤਾ ਕੋਲ ਵਧੇਰੇ ਸਮਰੱਥਾਵਾਂ ਹਨ। ਇਸ ਲਈ, ਤੁਸੀਂ ਇਸ ਦੀ ਬਜਾਏ ਘੱਟ ਜਾਣੇ-ਪਛਾਣੇ ਵਿਕਰੇਤਾ ਦੀ ਚੋਣ ਕਰਦੇ ਹੋ। ਸਹੀ ਚੋਣ?* ਹਾਂ। ਹਮੇਸ਼ਾਂ ਹਵਾਲਿਆਂ ਅਤੇ ਪਿਛੋਕੜ ਦੀ ਜਾਂਚ ਕਰਨ ਤੋਂ ਇਲਾਵਾ, ਸਾਨੂੰ ਸਮਝਦਾਰੀ ਤੋਂ ਕੰਮ ਲੈਣ ਦੀ ਲੋੜ ਹੈ, ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਉਹ ਸਾਡੀਆਂ ਮੂਲ ਕਦਰਾਂ-ਕੀਮਤਾਂ ਨੂੰ ਸਾਂਝਾ ਕਰਦੇ ਹਨ, ਅਤੇ ਬਾਹਰਮੁਖੀ ਕਸੌਟੀਆਂ ਦੇ ਆਧਾਰ 'ਤੇ ਉਹਨਾਂ ਦਾ ਮੁਲਾਂਕਣ ਕਰਨ ਦੀ ਲੋੜ ਹੈ ਨਾ ਕਿ ਇਸ ਆਧਾਰ 'ਤੇ ਕਿ ਉਹ ਕਿੰਨੇ ਮਸ਼ਹੂਰ ਹਨ।

**ਸਾਰਿਆਂ ਨਾਲ ਸਾਫ਼ਗੋਈ ਨਾਲ ਪੇਸ਼ ਆਉਣਾ।** *ਇੱਕ ਸੰਭਾਵੀ ਵਿਕਰੇਤਾ ਤੁਹਾਨੂੰ ਅਤੇ ਤੁਹਾਡੇ ਸਾਥੀ ਨੂੰ ਇੱਕ ਪੇਸ਼ੇਵਰ ਫੁੱਟਬਾਲ ਗੇਮ ਦੀਆਂ ਟਿਕਟਾਂ ਭੇਜਦਾ ਹੈ। ਇਹ ਬਹੁਤ ਜ਼ਿਆਦਾ ਮਹਿਸੂਸ ਹੁੰਦਾ ਹੈ, ਇਸ ਲਈ ਤੁਸੀਂ ਸਾਡੀਆਂ ਨੀਤੀਆਂ ਬਾਰੇ ਦੱਸਦੇ ਹੋਏ ਇੱਕ ਨਿਮਰਤਾ-ਭਰਪੂਰ ਨੋਟ-ਕਥਨ ਨਾਲ ਟਿਕਟਾਂ ਵਾਪਸ ਕਰ ਦਿੰਦੇ ਹੋ। ਸਮਝਦਾਰੀ ਵਾਲੀ ਚਾਲ?* ਬਹੁਤ ਸਮਝਦਾਰੀ ਵਾਲੀ। ਕਿਸੇ ਸੰਭਾਵੀ ਵਿਕਰੇਤਾ ਕੋਲੋਂ ਤੋਹਫ਼ਾ ਸਵੀਕਾਰ ਕਰਨਾ ਇਹ ਪ੍ਰਭਾਵ ਦੇ ਸਕਦਾ ਹੈ ਕਿ ਤੁਸੀਂ ਕੰਪਨੀ ਲਈ ਨਹੀਂ, ਬਲਕਿ ਜੋ ਤੁਹਾਡੇ ਲਈ ਸਭ ਤੋਂ ਵਧੀਆ ਹੈ, ਉਸ ਦੀ ਚੋਣ ਕਰ ਰਹੇ ਹੋ। ਸਾਡੀ ਨੀਤੀ ਦੀ ਲੋੜ ਮੁਤਾਬਕ ਤੋਹਫ਼ਿਆਂ ਦਾ ਖੁਲਾਸਾ ਕੀਤਾ ਜਾਣਾ ਚਾਹੀਦਾ ਹੈ।

## ਸਾਵਧਾਨੀ।

**ਕਾਰਗੁਜ਼ਾਰੀ ਦੀ ਨਿਗਰਾਨੀ ਕਰਨਾ।** *ਤੁਸੀਂ ਹਾਲ ਹੀ ਵਿੱਚ ਇੱਕ ਠੇਕੇਦਾਰ ਨਾਲ ਕੰਮ ਸ਼ੁਰੂ ਕੀਤਾ ਹੈ। ਤੁਸੀਂ ਉਹਨਾਂ ਨੂੰ ਦੱਸਦੇ ਹੋ ਕਿ ਅਸੀਂ ਉਹਨਾਂ ਤੋਂ ਆਪਣੇ ਉੱਚੇ ਮਿਆਰਾਂ ਨੂੰ ਕਾਇਮ ਰੱਖਣ ਅਤੇ ਕਾਨੂੰਨ ਦੀ ਪਾਲਣਾ ਕਰਨ ਦੀ ਉਮੀਦ ਕਰਦੇ ਹਾਂ ਭਾਵੇਂ ਇਸਦਾ ਅਰਥ ਇਹ ਹੈ ਕਿ ਪ੍ਰੋਜੈਕਟ ਵਿੱਚ ਵਧੇਰੇ ਸਮਾਂ ਲੱਗੇਗਾ। ਤੁਸੀਂ ਆਪਣੀ ਭੂਮਿਕਾ ਨਿਭਾ ਦਿੱਤੀ ਹੈ, ਠੀਕ?* ਇਹ ਬਹੁਤ ਵਧੀਆ ਸ਼ੁਰੂਆਤ ਹੈ, ਪਰ ਉਹਨਾਂ ਦੇ ਕੰਮ ਦੀ ਬਾਰੀਕੀ ਨਾਲ ਨਿਗਰਾਨੀ ਵੀ ਕਰਦੇ ਰਹੋ। ਕਿਸੇ ਵੀ ਸ਼ੱਕੀ ਚੀਜ਼ ਦੇ ਚਲਾਨਾਂ ਦੀ ਸਮੀਖਿਆ ਕਰੋ ਅਤੇ ਇਹ ਯਕੀਨੀ ਬਣਾਓ ਕਿ ਉਹ ਸਮੇਂ ਸਿਰ ਅਤੇ ਵਾਅਦੇ ਅਨੁਸਾਰ ਅਦਾ ਕੀਤੇ ਜਾਂਦੇ ਹਨ ਅਤੇ ਸਾਡੀਆਂ ਮੂਲ ਕਦਰਾਂ-ਕੀਮਤਾਂ ਦਾ ਸਮਰਥਨ ਕੀਤਾ ਜਾਂਦਾ ਹੈ।

## ਗਲਤ ਤਰੀਕਾ।

**ਉਹਨਾਂ ਦੀ ਜਾਣਕਾਰੀ ਦੀ ਰੱਖਿਆ ਕਰਨਾ।** *ਸਾਡੇ ਠੇਕੇਦਾਰਾਂ ਵਿੱਚੋਂ ਇੱਕ ਚਾਣਚੱਕ ਕਿਸੇ ਗੁਪਤ ਚੀਜ਼ ਬਾਰੇ ਈਮੇਲ ਕਰਦਾ ਹੈ। ਇਹ ਏਨੀ ਮਜ਼ੇਦਾਰ ਹੈ ਕਿ ਇਸ ਨੂੰ ਸਾਂਝਾ ਕਰਨ ਤੋਂ ਰੁਕਣਾ ਮੁਸ਼ਕਿਲ ਹੈ, ਇਸ ਲਈ ਤੁਸੀਂ ਦੁਪਹਿਰ ਦੇ ਖਾਣੇ 'ਤੇ ਕਿਸੇ ਟੀਮ ਮੈਂਬਰ ਨਾਲ ਇਸ ਬਾਰੇ ਚਰਚਾ ਕਰਦੇ ਹੋ। ਕੋਈ ਵੱਡੀ ਗੱਲ ਨਹੀਂ ਜੇ ਤੁਸੀਂ Tenneco ਵਿਖੇ ਸਿਰਫ਼ ਕਿਸੇ ਵਿਅਕਤੀ ਬਾਰੇ ਦੱਸ ਰਹੇ ਹੋ, ਠੀਕ ਹੈ?* ਗਲਤ। ਸਾਡੇ ਠੇਕੇਦਾਰ ਆਪਣੀ ਜਾਣਕਾਰੀ ਵਾਸਤੇ ਸਾਡੇ 'ਤੇ ਭਰੋਸਾ ਕਰਦੇ ਹਨ। ਜੇ ਤੁਸੀਂ ਗਲਤੀ ਨਾਲ ਕੁਝ ਪ੍ਰਾਪਤ ਕਰਦੇ ਹੋ, ਤਾਂ ਤੁਰੰਤ ਇਸ ਨੂੰ ਮਿਟਾ ਦਿਓ, ਭੇਜਣ ਵਾਲੇ ਨੂੰ ਉਹਨਾਂ ਦੀ ਗਲਤੀ ਬਾਰੇ ਦੱਸੋ, ਅਤੇ ਆਪਣੇ ਕਾਨੂੰਨੀ ਸਲਾਹਕਾਰ ਨੂੰ ਇਸ ਬਾਰੇ ਸੂਚਿਤ ਕਰੋ। ਇਸ ਨਾਲ ਇਹ ਸੁਨੇਹਾ ਜਾਵੇਗਾ ਕਿ ਅਸੀਂ ਹਮੇਸ਼ਾਂ ਗੁਪਤਤਾ ਬਣਾਈ ਰੱਖਦੇ ਹਾਂ – ਜੋ ਨਾ ਸਿਰਫ ਸਾਡੀ ਜਿੱਤਣ ਦੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ, ਸਗੋਂ ਇਹ ਵੀ ਕਿ ਅਜਿਹਾ ਕੀਤਾ ਵੀ ਸਹੀ ਤਰੀਕੇ ਨਾਲ ਜਾਂਦਾ ਹੈ। ਹੋਰ ਲੋਕਾਂ ਦੀ ਜਾਣਕਾਰੀ ਨਾਲ ਵਰਤਾਓ ਉਸ ਤਰੀਕੇ ਨਾਲ ਕਰੋ ਜਿਸ ਤਰ੍ਹਾਂ ਤੁਸੀਂ ਸਾਡੀ ਜਾਣਕਾਰੀ ਨਾਲ ਦੂਜੇ ਲੋਕਾਂ ਤੋਂ ਉਮੀਦ ਕਰਦੇ ਹੋ।

## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### "ਹੋਰ ਪਾਰਟੀਆਂ" ਕੀ ਹਨ?

ਦੂਜੀਆਂ ਪਾਰਟੀਆਂ ਵਿੱਚ ਕੋਈ ਵੀ ਵਿਅਕਤੀ ਜਾਂ ਕੰਪਨੀਆਂ ਸ਼ਾਮਲ ਹੁੰਦੇ ਹਨ ਜੋ Tenneco ਨਾਲ ਕਾਰੋਬਾਰ ਕਰਦੇ ਹਨ, ਜਾਂ ਕਰਨਾ ਚਾਹੁੰਦੇ ਹਨ।

ਹੋਰ ਪਾਰਟੀਆਂ ਨਾਲ ਕੰਮ ਕਰਨ ਲਈ ਸੁਝਾਅ:

- ਕਿਸੇ ਪਾਰਟੀ ਨਾਲ ਕੰਮ ਕਰਨ ਤੋਂ ਪਹਿਲਾਂ ਉਚਿਤ ਪਿਛੋਕੜ ਦੀ ਜਾਂਚ ਕਰੋ।
- ਵਿਕਰੇਤਾ ਦੀਆਂ ਸੇਵਾਵਾਂ ਲੈਣ ਤੋਂ ਪਹਿਲਾਂ ਉਹਨਾਂ ਨੂੰ ਜਾਣਨ ਲਈ ਆਪਣਾ ਹੋਮਵਰਕ ਕਰੋ (ਗੁਣਵੱਤਾ, ਵੱਕਾਰ, ਵਿੱਤੀ ਸਥਿਰਤਾ, ਸਾਂਝੇ ਮੁੱਲ)।
- ਜੋਖ਼ਮ ਦਾ ਪ੍ਰਬੰਧਨ ਕਰਨ ਲਈ ਸਹੀ ਨਿਯੰਤਰਣ ਰੱਖੋ।
- ਇਹ ਯਕੀਨੀ ਬਣਾਓ ਕਿ ਉਹ ਸਾਡੀਆਂ ਮੂਲ ਕਦਰਾਂ-ਕੀਮਤਾਂ ਅਤੇ ਉਮੀਦਾਂ ਨੂੰ ਸਮਝਦੇ ਹਨ।
- ਇਹ ਯਕੀਨੀ ਬਣਾਓ ਕਿ ਹੇਠਾਂ ਦਿੱਤੀਆਂ ਚੀਜ਼ਾਂ ਠੇਕੇ ਦੇ ਸਮਝੌਤਿਆਂ ਵਿੱਚ ਸ਼ਾਮਲ ਕੀਤੀਆਂ ਜਾਂਦੀਆਂ ਹਨ:
  - ਉਮੀਦ ਕੀਤੀਆਂ ਜਾਂਦੀਆਂ ਅਦਾਇਗੀਯੋਗ (ਚੀਜ਼ਾਂ ਜਾਂ ਸੇਵਾਵਾਂ)
  - ਕਮਿਸ਼ਨ ਜਾਂ ਸੰਮਿਲਤ ਫੀਸ, ਜਾਂ ਕੋਈ ਹੋਰ ਪੈਸੇ ਸੰਬੰਧੀ ਭੁਗਤਾਨਾਂ ਦਾ ਆਧਾਰ
  - ਲਾਗੂ ਦਰ ਜਾਂ ਫੀਸ
  - ਕਾਨੂੰਨੀ ਜ਼ਿੰਮੇਵਾਰੀਆਂ ਦੀ ਪਾਲਣਾ
- ਕਿਸੇ ਵੀ ਭੁਗਤਾਨ-ਵਾਪਸੀਆਂ ਦਾ ਸਮਰਥਨ ਕਰਨ ਲਈ ਦਸਤਾਵੇਜ਼ਾਂ, ਜਿਵੇਂ ਕਿ ਰਸੀਦਾਂ ਲਈ ਬੇਨਤੀ ਕਰੋ ਅਤੇ ਸਮੀਖਿਆ ਕਰੋ।
- ਸਾਡੀ ਵਿਕਰੇਤਾ ਪੜਤਾਲ ਪ੍ਰਕਿਰਿਆ ਦੀ ਪਾਲਣਾ ਕਰੋ।



## ਗੈਰਾਜ

ਸਪਲਾਇਰ ਕੋਡ ਆਫ ਕੰਡਕਟ



# ਸਾਡੇ ਨਿਵੇਸ਼ ਦੀ ਸੁਰੱਖਿਆ ਕਰਨਾ

ਲੋਕ ਸਹੀ ਤਰੀਕੇ ਨਾਲ ਜਿੱਤਣ ਦੀ ਸਾਡੀ ਪ੍ਰਤੀਬੱਧਤਾ ਦੇ ਕਾਰਨ ਸਾਡੀ ਕਦਰ ਕਰਦੇ ਹਨ। ਉਹ ਜਾਣਦੇ ਹਨ ਕਿ ਅਸੀਂ ਨਤੀਜੇ ਦੇਣ ਲਈ ਬੀਤੇ ਕੱਲ੍ਹ ਤੋਂ ਵੀ ਵਧੀਆ ਬਣਨ ਲਈ ਯਤਨਸ਼ੀਲ ਰਹਿੰਦੇ ਹੋਏ ਕੰਮ 'ਤੇ ਆਵਾਂਗੇ। ਅਸੀਂ ਇੱਕ ਦੂਜੇ, ਸਾਡੀ ਕੰਪਨੀ, ਆਪਣੇ ਰਿਸ਼ਤਿਆਂ ਦਾ ਸਤਿਕਾਰ ਕਰਦੇ ਹੋਏ ਅਤੇ ਇਹਨਾਂ ਦੀ ਰੱਖਿਆ ਕਰਦੇ ਹੋਏ, ਅਤੇ ਆਪਣੇ ਬ੍ਰਾਂਡ ਦੀ ਈਮਾਨਦਾਰੀ ਬਣਾਈ ਰੱਖਣ ਦੀ ਜ਼ਿੰਮੇਵਾਰੀ ਲੈਂਦੇ ਹੋਏ ਉਹਨਾਂ ਦਾ ਭਰੋਸਾ ਕਮਾਉਂਦੇ ਹਾਂ।

## ਇਸ ਸੈਕਸ਼ਨ ਵਿੱਚ:


- ਸਟੀਕ ਰਿਕਾਰਡ ਅਤੇ ਵਿੱਤੀ ਰਿਪੋਰਟਾਂ ਰੱਖਣਾ
- ਰਿਕਾਰਡਾਂ ਦਾ ਪ੍ਰਬੰਧਨ ਕਰਨਾ
- ਸਾਡੀ ਸੰਪੱਤੀ ਦੀ ਦੇਖਭਾਲ ਕਰਨਾ
- ਗੁਪਤ ਜਾਣਕਾਰੀ ਦੀ ਰੱਖਿਆ ਕਰਨਾ
- ਪਰਦੇਦਾਰੀ ਦੀ ਰੱਖਿਆ ਕਰਨਾ
- ਸਰਕਾਰ ਨਾਲ ਅੰਤਰ-ਕਿਰਿਆ ਕਰਨਾ
- ਰਾਜਨੀਤਕ ਪ੍ਰਕਿਰਿਆ ਵਿੱਚ ਭਾਗ ਲੈਣਾ

# ਸਟੀਕ ਰਿਕਾਰਡ ਅਤੇ ਵਿੱਤੀ ਰਿਪੋਰਟਾਂ ਰੱਖਣਾ

### ਮੰਜ਼ਿਲ

ਇਹ ਯਕੀਨੀ ਬਣਾਉਣਾ ਕਿ ਸਾਡੇ ਰਿਕਾਰਡ ਅਤੇ ਰਿਪੋਰਟਾਂ ਸਟੀਕ ਤਰੀਕੇ ਨਾਲ ਸਾਡੇ ਕਾਰੋਬਾਰ ਨੂੰ ਦਰਸਾਉਂਦੀਆਂ ਹਨ।

### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਸਹੀ ਰਿਕਾਰਡਾਂ ਅਤੇ ਵਿੱਤੀ ਰਿਪੋਰਟਾਂ ਰੱਖਣਾ ਇੱਕ ਸਿਹਤਮੰਦ ਕਾਰੋਬਾਰ ਦੇ ਧੁਰ ਵਿੱਚ ਹੁੰਦਾ ਹੈ। ਇਹ ਸਾਨੂੰ ਸਮਝਦਾਰੀ ਵਾਲੇ ਫੈਸਲੇ ਲੈਣ ਵਿੱਚ, ਕਨੂੰਨ ਦੇ ਸੱਜੇ ਪਾਸੇ ਰਹਿਣ ਵਿੱਚ ਅਤੇ ਇਹ ਨਿਗਰਾਨੀ ਕਰਨ ਵਿੱਚ ਮਦਦ ਕਰਦਾ ਹੈ ਕਿ ਸਾਡਾ ਪੈਸਾ ਕਿੱਥੇ ਜਾਂਦਾ ਹੈ।

ਅਸੀਂ ਸਾਰੇ ਆਪਣੀ ਕੰਪਨੀ ਦੇ ਰਿਕਾਰਡਾਂ ਵਿੱਚ ਯੋਗਦਾਨ ਪਾਉਂਦੇ ਹਾਂ, ਇਸ ਲਈ ਆਓ ਇਹ ਯਕੀਨੀ ਬਣਾਈਏ ਕਿ ਸਾਡੇ ਯੋਗਦਾਨ ਸਕਾਰਾਤਮਕ ਹਨ। ਜੋ ਵੀ ਤੁਸੀਂ ਰਿਕਾਰਡ ਕਰਦੇ ਹੋ - ਭਾਵੇਂ ਇਹ ਤੁਹਾਡਾ ਸਮਾਂ, ਖ਼ਰਚ, ਜਾਂ ਵਪਾਰਕ ਲੈਣ-ਦੇਣ ਹੋਵੇ - ਇਸ ਨੂੰ ਈਮਾਨਦਾਰੀ ਨਾਲ ਕਰੋ। ਜਦੋਂ ਤੁਸੀਂ ਅਜਿਹਾ ਕਰਦੇ ਹੋ, ਤਾਂ ਤੁਸੀਂ ਸਾਡੇ ਨਿਵੇਸ਼ਕਾਂ, ਸਾਡੇ ਗਾਹਕਾਂ, ਸਾਡੇ ਸਹਿਕਰਮੀਆਂ ਅਤੇ ਸਾਡੇ ਭਾਈਚਾਰਿਆਂ ਨਾਲ ਭਰੋਸੇ ਦਾ ਨਿਰਮਾਣ ਕਰਨ ਵਿੱਚ ਸਾਡੀ ਸਹਾਇਤਾ ਕਰ ਰਹੇ ਹੋ।

## ਨੈਤਿਕ ਵਿਵਹਾਰ ਦਾ ਰੋਲ ਮਾਡਲ।

ਈਮਾਨਦਾਰ ਹੋਣਾ। *ਤੁਹਾਡੀ ਟੀਮ ਦੀ ਇੱਕ ਮੈਂਬਰ ਖ਼ਰਚੇ ਦੀ ਰਿਪੋਰਟ ਪੇਸ਼ ਕਰਨ ਲਈ ਇੰਤਜ਼ਾਰ ਕਰਨ ਦਾ ਸੁਝਾਅ ਦਿੰਦੀ ਹੈ ਕਿਉਂਕਿ ਤੁਹਾਡੀ ਟੀਮ ਮਹੀਨੇ ਵਾਸਤੇ ਆਪਣੇ ਬਜਟ 'ਤੇ ਪਹੁੰਚ ਗਈ ਹੈ। ਤੁਸੀਂ ਉਸ ਨੂੰ ਯਾਦ ਦੁਆਉਂਦੇ ਹੋ ਕਿ ਸਾਡੀ ਗਿਣਤੀ ਨੂੰ ਸਹੀ ਹੋਣ ਦੀ ਜ਼ਰੂਰਤ ਹੈ ਅਤੇ ਇਹ ਯਕੀਨੀ ਬਣਾਉਣ ਲਈ ਤੁਸੀਂ ਪੈਰਵਾਈ ਕਰਦੇ ਹੋ ਕਿ ਇਸ ਨੂੰ ਜਮ੍ਹਾਂ ਕਰਵਾਇਆ ਗਿਆ ਸੀ। ਕੀ ਇਹ ਸਹੀ ਚੋਣ ਸੀ?* ਹਾਂ! ਸਹੀ ਰਿਕਾਰਡ ਰੱਖਣਾ ਬਜਟ ਬਣਾਉਣ ਨਾਲੋਂ ਵਧੇਰੇ ਮਹੱਤਵਪੂਰਨ ਹੈ। ਝੂਠ ਨਾਲੋਂ ਬਜਟ ਤੋਂ ਖੁੰਝ ਜਾਣ ਨੂੰ ਸਮਝਾਉਣਾ ਬਹੁਤ ਅਸਾਨ ਹੈ।

**ਈਮਾਨਦਾਰੀ ਨਾਲ ਕੰਮ ਕਰਨਾ ਸਾਡੀ ਸਫਲਤਾ ਦੀ ਬੁਨਿਆਦ ਹੈ।**

## ਸਾਵਧਾਨੀ।

ਰਿਪੋਰਟਾਂ ਦੀ ਜਾਂਚ ਕਰਨਾ। *ਇਹ ਤਿਮਾਹੀ-ਸਮਾਪਤੀ ਹੈ ਅਤੇ ਤੁਹਾਡਾ ਬੌਸ ਖੁਸ਼ ਹੈ ਕਿਉਂਕਿ ਤੁਹਾਡੀ ਟੀਮ ਟੀਚਾ ਹਾਸਲ ਕਰ ਲਵੇਗੀ। ਪਰ, ਅੱਜ ਸਵੇਰੇ, ਇੱਕ ਵੱਡੀ ਖੇਪ ਤਿਮਾਹੀ ਦੇ ਖਤਮ ਹੋਣ ਤੋਂ ਇੱਕ ਦਿਨ ਬਾਅਦ ਤੱਕ ਲਈ ਲੇਟ ਹੋ ਗਈ ਹੈ। ਤਾਂ ਵੀ ਇਸਨੂੰ ਗਿਣਤੀ-ਮਿਣਤੀ ਵਿੱਚ ਲੈ ਲੈਣਾ ਠੀਕ ਹੈ। ਠੀਕ?* ਏਨਾ ਤੇਜ਼ ਨਹੀਂ। ਇਹ ਚੰਗਾ ਹੈ ਕਿ ਤੁਸੀਂ ਪ੍ਰਸ਼ਨ ਪੁੱਛ ਰਹੇ ਹੋ। ਈਮਾਨਦਾਰੀ ਨਾਲ ਹਮੇਸ਼ਾ ਕੰਮ ਕਰਨਾ ਅਤੇ ਇਸ ਚੀਜ਼ ਦੀ ਪੁਸ਼ਟੀ ਕਰਨਾ ਅਹਿਮ ਹੈ ਕਿ ਸਾਡੀਆਂ ਵਿਕਰੀਆਂ ਸਹੀ ਲੇਖਾਕਾਰੀ ਨਿਯਮਾਂ ਦੀ ਪਾਲਣਾ ਕਰਦੀਆਂ ਹਨ। ਭਾਵੇਂ ਖਰੀਦ ਦੀ ਪੁਸ਼ਟੀ ਹੋ ਜਾਵੇਗੀ ਅਤੇ ਤਿਮਾਹੀ-ਸਮਾਪਤੀ ਦੇ ਸਿਰਫ਼ ਇੱਕ ਦਿਨ ਬਾਅਦ ਮਾਲ ਭੇਜਿਆ ਜਾਵੇਗਾ, ਫਿਰ ਵੀ ਅਸੀਂ ਅਜੇ ਇਸ ਨੂੰ ਗਿਣ ਨਹੀਂ ਸਕਦੇ। ਸਾਡੇ ਨਿਵੇਸ਼ਕ ਅਤੇ ਲੇਖਾ-ਪੜਤਾਲਕ ਸਾਡੇ ਲਈ ਸਟੀਕ ਹੋਣ ਦੀ ਮੰਗ ਕਰਦੇ ਹਨ।

## ਗਲਤ ਤਰੀਕਾ।

ਸ਼ੱਕਾਂ ਨੂੰ ਨਜ਼ਰਅੰਦਾਜ਼ ਕਰਨਾ। *ਤੁਸੀਂ ਇੱਕ ਟੀਮ ਦੇ ਮੈਂਬਰ ਨੂੰ ਇੱਕ ਵਸਤੂ ਸੂਚੀ ਦੀ ਗਿਣਤੀ 'ਤੇ ਸਹੀ ਪਾਉਂਦੇ ਹੋਏ ਦੇਖਦੇ ਹੋ ਜੋ ਉਸ ਨੇ ਪੂਰੀ ਨਹੀਂ ਕੀਤੀ। ਇਹ ਤੁਹਾਡਾ ਵਿਭਾਗ ਨਹੀਂ ਹੈ, ਇਸ ਲਈ ਤੁਸੀਂ ਮੂੰਹ ਘੁੰਮਾ ਲੈਂਦੇ ਹੋ। ਕੀ ਇਹ ਸਭ ਠੀਕ ਹੈ?* ਨਹੀਂ। ਰਿਕਾਰਡਾਂ ਨੂੰ ਗਲਤ ਕਰਨਾ ਕਦੇ ਵੀ ਠੀਕ ਨਹੀਂ ਹੁੰਦਾ। ਆਵਾਜ਼ ਬੁਲੰਦ ਕਰੋ।

## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਕੁਝ ਹੋਰ ਜਾਣਨ ਦੀ ਲੋੜ ਹੈ?

- ਕਾਰੋਬਾਰ ਦੇ ਰਿਕਾਰਡਾਂ ਨੂੰ ਸਾਵਧਾਨੀ ਨਾਲ, ਪੂਰੀ ਤਰ੍ਹਾਂ ਨਾਲ, ਈਮਾਨਦਾਰੀ ਨਾਲ ਅਤੇ ਅਜਿਹੇ ਤਰੀਕਿਆਂ ਨਾਲ ਰਿਕਾਰਡ ਕਰੋ ਜਿਨ੍ਹਾਂ ਨੂੰ ਸਮਝਣਾ ਆਸਾਨ ਹੋਵੇ।
- ਉਹ ਸਭ ਕੁਝ ਰੱਖੋ ਜੋ ਤੁਹਾਡੇ ਵੱਲੋਂ ਰਿਕਾਰਡ ਕੀਤੀਆਂ ਜਾਂਦੀਆਂ ਚੀਜ਼ਾਂ ਦਾ ਸਮਰਥਨ ਕਰਦਾ ਹੋਵੇ - ਜਿਵੇਂ ਕਿ ਰਾਤ ਦੇ ਖਾਣੇ ਦੀ ਮਦ-ਦਰ-ਮਦ ਰਸੀਦ ਜਾਂ ਕੱਲ੍ਹ ਦੇ ਸੁਰੱਖਿਆ ਟੈਸਟ ਦੇ ਨਤੀਜੇ।
- ਦਸਤਾਵੇਜ਼ਾਂ 'ਤੇ ਸਿਰਫ਼ ਉਦੋਂ ਦਸਤਖਤ ਕਰੋ ਅਤੇ ਮਨਜ਼ੂਰੀ ਦਿਓ ਜਦੋਂ ਤੁਹਾਨੂੰ ਅਜਿਹਾ ਕਰਨ ਦਾ ਅਧਿਕਾਰ ਹੋਵੇ।



**ਗੈਰਾਜ**

ਵਿੱਤੀ ਜ਼ਾਬਤਾ

# ਰਿਕਾਰਡਾਂ ਦਾ ਪ੍ਰਬੰਧਨ ਕਰਨਾ

### ਮੰਜ਼ਿਲ

ਉਸ ਜਾਣਕਾਰੀ ਤੱਕ ਸਮੇਂ ਸਿਰ ਪਹੁੰਚ ਪ੍ਰਦਾਨ ਕਰਨਾ ਜੋ ਸਾਡੀਆਂ ਰੋਜ਼ਮਰ੍ਹਾ ਦੀਆਂ ਕਾਰੋਬਾਰੀ ਰਵਾਇਤਾਂ ਦਾ ਸਮਰਥਨ ਕਰਦੀ ਹੈ।

### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਅਸੀਂ ਕਾਗਜ਼ੀ ਅਤੇ ਇਲੈਕਟ੍ਰਾਨਿਕ, ਦੋਨੋਂ ਤਰ੍ਹਾਂ ਦੇ ਬਹੁਤ ਸਾਰੇ ਕਾਰੋਬਾਰੀ ਰਿਕਾਰਡ ਬਣਾਉਂਦੇ ਹਾਂ, ਅਤੇ ਉਹ ਰਿਕਾਰਡ ਸਾਂਭ ਕੇ ਰੱਖਦੇ ਹਾਂ ਜੋ ਸਾਡੀਆਂ ਟੈਕਸ, ਕਾਨੂੰਨ, ਤਾਮੀਲ, ਅਤੇ ਵਿੱਤਾਂ ਸੰਬੰਧੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੇ ਹਨ। ਇਹ ਸਾਡੀ ਕੰਪਨੀ ਦੀ ਰੱਖਿਆ ਕਰਦਾ ਹੈ। ਹਾਲਾਂਕਿ, ਅਸੀਂ ਸਦਾ ਲਈ ਹਰ ਚੀਜ਼ ਨੂੰ ਪਕੜ ਕੇ ਨਹੀਂ ਰੱਖਦੇ। ਜਿਹੜੇ ਰਿਕਾਰਡ ਰੱਖਣ ਦੀ ਲੋੜ ਨਹੀਂ, ਉਹਨਾਂ ਦਾ ਸਹੀ ਤਰੀਕੇ ਨਾਲ ਨਿਪਟਾਰਾ ਕਰਨਾ ਸਾਨੂੰ ਉਹਨਾਂ ਚੀਜ਼ਾਂ ਨੂੰ ਵਧੇਰੇ ਤੇਜ਼ੀ ਨਾਲ, ਅਸਾਨੀ ਨਾਲ, ਅਤੇ ਵਧੇਰੇ ਲਾਗਤ-ਪ੍ਰਭਾਵਸ਼ਾਲੀ ਤਰੀਕਿਆਂ ਨਾਲ ਲੱਭਣ ਵਿੱਚ ਸਹਾਇਤਾ ਕਰਦਾ ਹੈ ਜਿਨ੍ਹਾਂ ਦੀ ਸਾਨੂੰ ਲੋੜ ਹੈ।

### ਨੈਤਿਕ ਵਿਵਹਾਰ ਦਾ ਰੋਲ ਮਾਡਲ।

**ਨਿੱਜੀ ਜਾਣਕਾਰੀ ਦੀ ਰੱਖਿਆ ਕਰਨਾ।** *ਤੁਹਾਨੂੰ ਪਤਾ ਚਲਦਾ ਹੈ ਕਿ ਸਾਡੀ ਕਿਸੇ SharePoint ਸਾਈਟ ਵਿੱਚ ਗਾਹਕਾਂ ਬਾਰੇ ਅਜਿਹੀ ਜਾਣਕਾਰੀ ਮੌਜੂਦ ਹੈ ਜਿਸ ਦੀ ਸਾਨੂੰ ਜ਼ਰੂਰਤ ਨਹੀਂ ਰਹੀ। ਆਪਣੇ ਬੌਸ ਅਤੇ ਦਸਤਾਵੇਜ਼ਾਂ ਦੇ ਮਾਲਕਾਂ ਤੋਂ ਪ੍ਰਵਾਨਗੀ ਲੈਣ ਤੋਂ ਬਾਅਦ, ਤੁਸੀਂ ਜਾਣਕਾਰੀ ਦਾ ਇਸ ਤਰੀਕੇ ਨਾਲ ਨਿਪਟਾਰਾ ਕਰ ਸਕਦੇ ਹੋ ਜੋ ਸਾਡੀ ਦਸਤਾਵੇਜ਼ ਸਾਂਭ-ਸੰਭਾਲ ਨੀਤੀ ਦੀ ਪਾਲਣਾ ਕਰਦਾ ਹੈ। ਰੋਲ ਮਾਡਲ ਵਿਵਹਾਰ?* ਬਿਲਕੁਲ। ਭਾਵੇਂ ਕਿ ਜਾਣਕਾਰੀ ਦਾ ਸਾਡੇ ਲਈ ਹੁਣ ਮਹੱਤਵ ਨਹੀਂ ਹੈ, ਫਿਰ ਵੀ ਇਹ ਕਿਸੇ ਹੈਕਰ ਲਈ ਮਹੱਤਵਪੂਰਨ ਹੋ ਸਕਦੀ ਹੈ, ਜੋ ਸਾਨੂੰ ਸੰਨ੍ਹਮਾਰੀ ਪ੍ਰਤੀ ਸੰਵੇਦਨਸ਼ੀਲ ਬਣਾ ਸਕਦਾ ਹੈ। ਇਸਦਾ ਸਹੀ ਤਰੀਕੇ ਨਾਲ ਨਿਪਟਾਰਾ ਕਰਨ ਨਾਲ, ਤੁਸੀਂ Tenneco ਅਤੇ ਉਹਨਾਂ ਦਾ ਬਚਾਓ ਕਰਦੇ ਹੋ ਜੋ ਸਾਡੇ 'ਤੇ ਆਪਣਾ ਭਰੋਸਾ ਕਰਦੇ ਹਨ।

### ਸਾਵਧਾਨੀ।

**ਪੁਸ਼ਟੀ ਪ੍ਰਾਪਤ ਕਰਨਾ।** *ਇੱਕ ਕਨੂੰਨੀ ਕੇਸ ਕਰਕੇ ਤੁਸੀਂ ਕਈ ਈਮੇਲਾਂ ਸੁਰੱਖਿਅਤ ਕੀਤੀਆਂ ਸੀ ਜਿਸ ਬਾਰੇ ਤੁਸੀਂ ਸੁਣਿਆ ਹੈ ਕਿ ਇਹ ਹੁਣ ਨਿਪਟ ਗਿਆ ਹੈ। ਮਿਟਾਉਣਾ ਠੀਕ ਹੈ?* ਹੋ ਸਕਦਾ ਹੈ, ਪਰ ਪਹਿਲਾਂ ਕਾਨੂੰਨੀ ਵਿਭਾਗ ਕੋਲੋਂ ਜਾਂਚ ਕਰੋ। ਈਮੇਲਾਂ ਨੂੰ ਕਾਰੋਬਾਰੀ ਰਿਕਾਰਡ ਮੰਨਿਆ ਜਾਂਦਾ ਹੈ, ਅਤੇ ਜੇ ਤੁਹਾਨੂੰ ਕੋਈ ਕਾਨੂੰਨੀ ਰੋਕ ਹੈ ਤਾਂ ਤੁਹਾਨੂੰ ਉਹਨਾਂ ਨੂੰ ਜ਼ਰੂਰ ਰੱਖਣਾ ਚਾਹੀਦਾ ਹੈ। ਇੱਕ ਕਾਨੂੰਨੀ ਰੋਕ ਉਹ ਪ੍ਰਕਿਰਿਆ ਹੈ ਜਿਸਦੀ ਅਸੀਂ ਕਿਸੇ ਮੁਕੱਦਮੇ ਲਈ ਦਸਤਾਵੇਜ਼ਾਂ ਨੂੰ ਸੁਰੱਖਿਅਤ ਰੱਖਣ ਲਈ ਪਾਲਣਾ ਕਰਦੇ ਹਾਂ, ਭਾਵੇਂ ਅਸੀਂ ਸੋਚਦੇ ਹਾਂ ਕਿ ਉਹ ਸਾਡੀ ਜਿੱਤ ਵਿੱਚ ਸਹਾਇਤਾ ਕਰਨਗੇ ਜਾਂ ਨਹੀਂ।



## ਗਲਤ ਤਰੀਕਾ।

ਬਹੁਤ ਜਲਦੀ ਮਿਟਾਉਣਾ। *ਤੁਹਾਨੂੰ ਕੁਝ ਵਿੱਤੀ ਰਿਕਾਰਡ ਮਿਲਦੇ ਹਨ ਜੋ ਤੁਸੀਂ ਆਪਣੇ ਹਾਰਡ ਡ੍ਰਾਈਵ 'ਤੇ ਡਾਊਨਲੋਡ ਅਤੇ ਰੱਖਿਅਤ ਕੀਤੇ ਹਨ ਜੋ ਕਿ ਕਈ ਸਾਲ ਪਹਿਲਾਂ ਦੇ ਹਨ, ਇਸ ਲਈ ਤੁਸੀਂ ਉਹਨਾਂ ਨੂੰ ਮਿਟਾ ਦਿੰਦੇ ਹੋ। ਕੋਈ ਵੱਡੀ ਗੱਲ ਨਹੀਂ?* ਬਹੁਤ ਵੱਡੀ ਗੱਲ ਹੈ। ਸਾਰੇ ਵਿੱਤੀ ਰਿਕਾਰਡ ਅਤੇ ਦਸਤਾਵੇਜ਼ਾਂ ਅਤੇ ਰਿਪੋਰਟਾਂ ਦੀਆਂ ਅਧਿਕਾਰਤ ਕਾਪੀਆਂ ਕੰਪਨੀ ਦੇ ਸਿਸਟਮਾਂ ਜਾਂ ਮਨਜ਼ੂਰਸ਼ੁਦਾ ਐਪਲੀਕੇਸ਼ਨਾਂ ਅਤੇ ਰਿਪੋਜ਼ਟਰੀਆਂ ਵਿੱਚ ਰੱਖੀਆਂ ਜਾਣੀਆਂ ਚਾਹੀਦੀਆਂ ਹਨ। ਹਾਲਾਂਕਿ, ਇਸ ਕੇਸ ਜਾਂ ਇਸ ਤਰ੍ਹਾਂ ਦੀਆਂ ਸਥਿਤੀਆਂ ਵਿੱਚ, **ਕੁਝ ਵੀ** ਮਿਟਾਉਣ ਤੋਂ ਪਹਿਲਾਂ, ਆਪਣੇ ਮੈਨੇਜਰ ਨਾਲ ਗੱਲ ਕਰੋ ਅਤੇ ਸਾਡੀ ਦਸਤਾਵੇਜ਼ ਸਾਂਭ-ਸੰਭਾਲ ਨੀਤੀ ਦੀ ਪੜਚੋਲ ਕਰੋ। ਇਹ ਜਾਣਕਾਰੀ ਨੂੰ ਸਟੋਰ ਕਰਨ, ਸਾਂਭ ਕੇ ਰੱਖਣ, ਅਤੇ ਨਿਪਟਾਰਾ ਕਰਨ ਦੇ ਕਾਰਜਕ੍ਰਮਾਂ ਦੀ ਵਿਆਖਿਆ ਕਰਦੀ ਹੈ। ਇਹ ਵੀ ਯਾਦ ਰੱਖੋ ਕਿ ਕਿਸੇ ਨਸ਼ਟ ਕਰਨ ਦੀ ਤਾਰੀਖ ਦੀ ਪਰਵਾਹ ਕੀਤੇ ਬਿਨਾਂ, ਅਸੀਂ ਕਦੇ ਵੀ ਅਜਿਹਾ ਦਸਤਾਵੇਜ਼ਾਂ ਨੂੰ ਨਸ਼ਟ ਨਹੀਂ ਕਰਦੇ ਜਿਨ੍ਹਾਂ 'ਤੇ ਕਨੂੰਨੀ ਰੋਕ ਹੈ ਜਾਂ ਉਹ ਰਿਕਾਰਡ ਜਿਨ੍ਹਾਂ ਨੂੰ ਕਾਨੂੰਨਨ ਨਸ਼ਟ ਨਹੀਂ ਕੀਤਾ ਜਾ ਸਕਦਾ (ਜਿਵੇਂ ਕਿ ਅਚੱਲ ਸੰਪਤੀ ਦੇ ਦਸਤਾਵੇਜ਼)। ਸਾਡੀਆਂ ਨੀਤੀਆਂ ਦੀ ਪਾਲਣਾ ਕਰਦੇ ਹੋਏ, ਤੁਸੀਂ ਆਪਣੀ 'ਈਮਾਨਦਾਰੀ ਪ੍ਰਤੀ ਵਚਨਬੱਧਤਾ' ਨੂੰ ਦਰਸਾਵੋਂਗੇ।

## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਰਿਕਾਰਡਾਂ ਦਾ ਪ੍ਰਬੰਧਨ ਕਰਨਾ ਕਿਸ ਤਰ੍ਹਾਂ ਦਿਖਦਾ ਹੈ?

ਇਹ ਸਿਰਫ਼ ਨੀਤੀਆਂ ਦੀ ਪਾਲਣਾ ਕਰਨ ਨਾਲੋਂ ਕਿਤੇ ਵੱਧ ਹੈ। ਇਹ ਆਮ ਸਮਝ ਦੀ ਵਰਤੋਂ ਕਰਨ ਬਾਰੇ ਹੈ। ਸੰਗਠਿਤ ਰਹੋ ਅਤੇ ਜੋ ਵੀ ਮਹੱਤਵਪੂਰਨ ਹੈ ਉਸ ਨੂੰ ਸਾਂਭ ਕੇ ਰੱਖੋ। ਇਸ ਤਰੀਕੇ ਨਾਲ ਜੇ ਕੋਈ ਵੀ ਚੀਜ਼ ਅਧਿਕਾਰਤ ਲੇਖਾ-ਪੜਤਾਲ ਜਾਂ ਜਾਂਚ-ਅਧੀਨ ਆ ਜਾਂਦੀ ਹੈ, ਤਾਂ ਅਸੀਂ ਉਚਿਤ ਜਵਾਬ ਦੇ ਸਕਦੇ ਹਾਂ।

## ਗੈਰਾਜ



# ਸਾਡੀ ਸੰਪੱਤੀ ਦੀ ਦੇਖਭਾਲ ਕਰਨਾ

### ਮੰਜ਼ਿਲ

ਜੋ ਕੁਝ ਸਾਡਾ ਹੈ ਉਸਦਾ ਚੰਗੀ ਤਰ੍ਹਾਂ ਖਿਆਲ ਰੱਖਣਾ।

### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਸੰਭਾਵਨਾਵਾਂ ਇਹ ਹਨ, ਕਿ ਤੁਹਾਡੀ ਭੂਮਿਕਾ ਚਾਹੇ ਜੋ ਵੀ ਹੋਵੇ, ਤੁਸੀਂ ਕੰਪਨੀ ਦੀ ਕੀਮਤੀ ਜਾਇਦਾਦ ਲਈ ਜ਼ਿੰਮੇਵਾਰ ਹੋ। ਕੀ ਤੁਸੀਂ ਉਪਕਰਨਾਂ ਦਾ ਸੰਚਾਲਨ ਕਰਦੇ ਹੋ, ਕੰਪਿਊਟਰ ’ਤੇ ਟਾਈਪ ਕਰਦੇ ਹੋ, ਜਾਂ ਬੌਧਿਕ ਜਾਇਦਾਦ ਤੱਕ ਪਹੁੰਚ ਕਰਦੇ ਹੋ? ਇਹ ਸਭ ਕੰਪਨੀ ਦੀ ਜਾਇਦਾਦ ਦੀਆਂ ਉਦਾਹਰਨਾਂ ਹਨ ਜਿਨ੍ਹਾਂ ਦੀ ਮਾਲਕ Tenneco ਹੈ ਜਾਂ ਜਿਨ੍ਹਾਂ ਨੂੰ ਇਹ ਕਾਰੋਬਾਰ ਚਲਾਉਣ ਲਈ ਵਰਤਦੀ ਹੈ। ਸਾਡੇ ਵਿੱਚੋਂ ਹਰੇਕ ਦੀ ਇਹਨਾਂ ਦੀ ਦੇਖਭਾਲ ਕਰਨ ਦੀ ਵਿਅਕਤੀਗਤ ਜ਼ਿੰਮੇਵਾਰੀ ਹੈ।

## ਨੈਤਿਕ ਵਿਵਹਾਰ ਦਾ ਰੋਲ ਮਾਡਲ।

**ਚੰਗੀ ਦੇਖਭਾਲ ਕਰਨਾ।** *ਲੁਬਰੀਕੇਸ਼ਨ ਦੀ ਘਾਟ ਕਾਰਨ ਤੁਸੀਂ ਆਪਣੀ ਫੋਰਕਲਿਫਟ ਦੇ ਚਲਦੇ ਪੁਰਜ਼ਿਆਂ ਦੇ ਦੁਆਲੇ ਕੁਝ ਰਗੜ ਦੇਖਦੇ ਹੋ। ਤੁਸੀਂ ਤੁਰੰਤ ਉਪਕਰਨ ਨੂੰ ਚਲਾਉਣਾ ਬੰਦ ਕਰ ਦਿੰਦੇ ਹੋ ਅਤੇ ਇਸ ਦੀ ਰਿਪੋਰਟ ਮੁਰੰਮਤ ਵਿਭਾਗ ਨੂੰ ਜਾਂ ਕੰਪਨੀ ਦੀ ਕਾਰਜਸ਼ੀਲ ਮਿਆਰੀ ਪ੍ਰਕਿਰਿਆ ਅਨੁਸਾਰ ਢੁਕਵੇਂ ਖੇਤਰ ਨੂੰ ਕਰਦੇ ਹੋ, ਤਾਂ ਕਿ ਉਹ ਹਰੇਕ ਪੁਰਜ਼ੇ ਲਈ ਸਹੀ ਕਿਸਮ ਦਾ ਤੇਲ ਅਤੇ ਗ੍ਰੀਸ ਲਗਾ ਸਕਣ। ਵਧੀਆ ਕਦਮ ਹੈ?* ਬਿਲਕੁਲ! ਇਹ ਯਕੀਨੀ ਬਣਾਉਣਾ ਸਾਡੇ ਸਾਰਿਆਂ ਦਾ ਕੰਮ ਹੈ ਕਿ ਸਾਡੀਆਂ ਭੌਤਿਕ ਸੰਪੱਤੀਆਂ ਦੀ ਸਹੀ ਦੇਖਭਾਲ ਕੀਤੀ ਜਾਂਦੀ ਹੈ। ਮੁਰੰਮਤ ਵਿਭਾਗ ਨਾਲ ਤੁਰੰਤ ਸੰਪਰਕ ਕਰਕੇ, ਤੁਸੀਂ ਆਪਣੀ ਮਸ਼ੀਨ ਦੀ ਦੇਖਭਾਲ ਕਰ ਰਹੇ ਹੋ - ਅਤੇ ਆਪਣੀ ਮਸ਼ੀਨ ਦੀ ਉਮਰ ਵਧਾ ਰਹੇ ਹੋ।

**ਇਹ ਸਿਰਫ਼ ਇੱਕ ਨਾਮ ਨਹੀਂ ਹੈ।** *ਤੁਸੀਂ ਇੱਕ ਕੰਪਨੀ ਨੂੰ ਦੇਖਦੇ ਹੋ ਜੋ ਸਾਡੇ ਵਰਗੇ ਨਾਮ ਅਤੇ ਲੋਗੋ ਦੀ ਵਰਤੋਂ ਕਰ ਰਹੀ ਹੈ। ਇੱਕ ਸਾਥੀ ਕਹਿੰਦਾ ਹੈ ਕਿ ਚਿੰਤਾ ਨਾ ਕਰੋ ਕਿਉਂਕਿ ਇਹ ਇੰਨ-ਬਿੰਨ ਇੱਕੋ ਜਿਹਾ ਨਹੀਂ ਹੈ। ਪਰ, ਤੁਸੀਂ ਇਸਦੀ ਰਿਪੋਰਟ ਕਮਿਊਨੀਕੇਸ਼ਨਜ਼ ਟੀਮ ਅਤੇ ਕਾਨੂੰਨ ਵਿਭਾਗ ਨੂੰ ਰਿਪੋਰਟ ਕਰਨ ਦਾ ਫੈਸਲਾ ਕਰਦੇ ਹੋ। ਚੰਗੀ ਚੋਣ ਹੈ?* ਯਕੀਨੀ ਤੌਰ ’ਤੇ। ਸਾਡੇ ਬ੍ਰਾਂਡ ਅਤੇ ਉਹਨਾਂ ਨਾਲ ਜੁੜੇ ਟ੍ਰੇਡਮਾਰਕ ਅਤੇ ਲੋਗੋ ਇੱਕ ਮਹੱਤਵਪੂਰਨ ਸੰਪਤੀ ਹਨ, ਅਤੇ ਸਾਨੂੰ ਹਮੇਸ਼ਾਂ ਭੰਬਲਭੂਸੇ ਵਿੱਚ ਪਾਉਣ ਵਾਲੇ ਮਿਲਦੇ-ਜੁਲਦੇ ਨਾਂਵਾਂ ਅਤੇ ਲੋਗੋ ਨਜ਼ਰ ਆਉਣ ਦੀ ਰਿਪੋਰਟ ਕਰਨੀ ਚਾਹੀਦੀ ਹੈ ਤਾਂ ਕਿ ਕੰਪਨੀ ਸੰਭਵ ਕਾਨੂੰਨੀ ਕਾਰਵਾਈ ਬਾਰੇ ਵਿਚਾਰ ਕਰ ਸਕੇ। "ਜੇ ਤੁਸੀਂ ਕੁਝ ਦੇਖਦੇ ਹੋ, ਤਾਂ ਕੁਝ ਕਹੋ" ਸਾਡੇ ਬ੍ਰਾਂਡ ਦੀ ਰੱਖਿਆ ਕਰਨ ਵੇਲੇ ਹਮੇਸ਼ਾ ਸਹੀ ਪਹੁੰਚ ਹੁੰਦੀ ਹੈ। ਅਸੀਂ ਇੱਕ ਟੀਮ ਹਾਂ।


## ਸਾਵਧਾਨੀ।

**ਇਸ ਨੂੰ ਸਰਲ ... ਪਰ ਲੰਮਾ ਰੱਖਣਾ।** *ਤੁਹਾਨੂੰ ਆਪਣਾ ਪਾਸਵਰਡ ਯਾਦ ਰੱਖਣ ਵਿੱਚ ਮੁਸ਼ਕਿਲ ਆ ਰਹੀ ਹੈ, ਇਸ ਲਈ ਤੁਸੀਂ ਅਜਿਹਾ ਕੁਝ ਲੈ ਕੇ ਆਉਂਦੇ ਹੋ ਜਿਸ ਨੂੰ ਤੁਸੀਂ ਜਾਣਦੇ ਹੋ ਕਿ ਤੁਸੀਂ ਭੁੱਲ ਨਹੀਂ ਸਕੋਗੇ। ਕੀ ਇਹ ਠੀਕ ਹੈ?* ਹੋ ਸਕਦਾ ਹੈ। ਬੱਸ ਇਹ ਯਕੀਨੀ ਬਣਾਓ ਕਿ ਤੁਸੀਂ ਕੋਈ ਅਜਿਹੀ ਚੀਜ਼ ਨਹੀਂ ਚੁਣਦੇ ਹੋ ਜਿਸਨੂੰ ਹੈਕ ਕਰਨਾ ਆਸਾਨ ਹੋਵੇ। ਪਾਸ-ਵਾਕਾਂਸ਼ ਅਜ਼ਮਾਓ। ਪਾਸ-ਵਾਕਾਂਸ਼ ਅੱਖਰਾਂ ਦੀਆਂ ਲੜੀਆਂ ਦੇ ਉਲਟ, ਸ਼ਬਦਾਂ ਦੀਆਂ ਲੜੀਆਂ ਹੁੰਦੀਆਂ ਹਨ। ਇਹ ਲੰਬੇ ਹੁੰਦੇ ਹਨ (ਜਿਸ ਨਾਲ ਉਹਨਾਂ ਬਾਰੇ ਅੰਦਾਜ਼ਾ ਲਾਉਣਾ ਮੁਸ਼ਕਿਲ ਹੋ ਜਾਂਦਾ ਹੈ), ਪਰ ਸਰਲ ਵੀ ਹੁੰਦੇ ਹਨ (ਜਿਸ ਕਰਕੇ ਉਹਨਾਂ ਨੂੰ ਯਾਦ ਰੱਖਣਾ ਆਸਾਨ ਹੋ ਜਾਂਦਾ ਹੈ)।

**ਤਿਆਰੀ ਬੰਨ੍ਹਣਾ।** *ਤੁਸੀਂ ਸਵੇਰੇ ਕੰਮ ਦੀ ਯਾਤਰਾ ਲਈ ਤਿਆਰੀ ਬੰਨ੍ਹ ਰਹੇ ਹੋ ਅਤੇ ਆਪਣੇ ਲੈਪਟੌਪ ਨੂੰ ਨਹੀਂ ਭੁੱਲਣਾ ਚਾਹੁੰਦੇ ਹੋ। ਤੁਸੀਂ ਇਸ ਨੂੰ ਰਾਤ ਭਰ ਕਾਰ ਵਿੱਚ ਛੱਡਣ ਬਾਰੇ ਸੋਚਦੇ ਹੋ, ਪਰ ਇਸ ਦੀ ਬਜਾਏ ਇਸਨੂੰ ਦਰਵਾਜ਼ੇ ਦੇ ਕੋਲ ਆਪਣੇ ਬੈਕਪੈਕ ਵਿੱਚ ਪਾ ਦਿੰਦੇ ਹੋ – ਤਾਂ ਕਿ ਬਾਹਰ ਜਾਂਦੇ ਸਮੇਂ ਇਸ ਨੂੰ ਲੈ ਸਕੋ। ਚੰਗਾ ਫੈਸਲਾ?* ਜ਼ਿਆਦਾਤਰ ਹਿੱਸੇ ਲਈ। ਤੁਸੀਂ ਸਮਝਦਾਰ ਹੋ ਕਿਉਂਕਿ ਤੁਸੀਂ ਇਸ ਨੂੰ ਆਪਣੀ ਕਾਰ ਵਿੱਚ ਨਹੀਂ ਪਾਉਂਦੇ। ਜੇ ਗਲਤ ਵਿਅਕਤੀ ਤੁਹਾਨੂੰ ਦੇਖ ਲੈਂਦਾ ਹੈ, ਤਾਂ ਉਹ ਇਸ ਨੂੰ ਚੋਰੀ ਕਰ ਸਕਦਾ ਹੈ। ਤੁਹਾਡੇ ਲੈਪਟੌਪ ’ਤੇ ਕੰਪਨੀ ਬਾਰੇ ਅਸਲ ਵਿੱਚ ਮਹੱਤਵਪੂਰਨ ਜਾਣਕਾਰੀ ਹੋ ਸਕਦੀ ਹੈ, ਇਸ ਲਈ ਆਪਣੇ ਲੈਪਟੌਪ ਨੂੰ ਇੱਕ ਸਲਾਮਤ ਜਗ੍ਹਾ ’ਤੇ ਰੱਖਣ ਅਤੇ ਆਪਣੇ ਬੈਗ ਵਿੱਚ ਸੁਰੱਖਿਅਤ ਕਰਨ ਤੋਂ ਇਲਾਵਾ, ਇਹ ਯਕੀਨੀ ਬਣਾਓ ਕਿ ਮਹੱਤਵਪੂਰਨ ਡੇਟਾ ਇਨਕ੍ਰਿਪਟਡ ਹੈ।

## ਗਲਤ ਤਰੀਕਾ।

ਕਲਿੱਕ ਕਰਨਾ। *ਤੁਸੀਂ ਆਪਣੇ ਕੰਮ ਵਾਲੇ ਕੰਪਿਊਟਰ 'ਤੇ ਹੋ ਜਦੋਂ ਤੁਸੀਂ ਕਿਸੇ ਕਾਰਜਕਾਰੀ ਅਧਿਕਾਰੀ ਨੂੰ ਗੁਪਤ ਜਾਣਕਾਰੀ ਭੇਜਣ ਲਈ ਕੋਈ ਅਸਧਾਰਨ ਈਮੇਲ ਬੇਨਤੀ ਦੇਖਦੇ ਹੋ। ਜ਼ਰੂਰੀ ਲੱਗ ਰਿਹਾ ਹੈ, ਇਸ ਲਈ ਤੁਹਾਨੂੰ ਤੁਰੰਤ ਪਾਲਣਾ ਕਰਨੀ ਚਾਹੀਦੀ ਹੈ... ਸਹੀ ਹੈ?* ਗਲਤ। ਸਾਈਬਰ ਹਮਲੇ ਅਕਸਰ ਅਜਬ-ਗਜਬ ਈਮੇਲਾਂ ਦੇ ਰੂਪ ਵਿੱਚ ਆਉਂਦੇ ਹਨ। ਜੇ ਤੁਸੀਂ ਭੇਜਣ ਵਾਲੇ ਨੂੰ ਨਹੀਂ ਪਛਾਣਦੇ, ਜਾਂ ਜੇ ਇਹ ਕਿਸੇ ਵੀ ਤਰੀਕੇ ਨਾਲ ਸ਼ੱਕੀ ਲੱਗਦਾ ਹੈ, ਤਾਂ ਈਮੇਲ ਨੂੰ ਬੰਦ ਕਰੋ ਅਤੇ ਆਈ. ਟੀ. ਵਿਭਾਗ ਨਾਲ ਸੰਪਰਕ ਕਰੋ।



## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਫਿਰ ਵੀ ਸਾਡੀ "ਪ੍ਰਾਪਰਟੀ" ਕੀ ਹੈ?

ਵੱਖ-ਵੱਖ ਕਿਸਮਾਂ ਦੀਆਂ ਪ੍ਰਾਪਰਟੀਆਂ ਹਨ ਜਿਨ੍ਹਾਂ ਦੀ ਸਾਨੂੰ ਰੱਖਿਆ ਕਰਨੀ ਚਾਹੀਦੀ ਹੈ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਭੌਤਿਕ ਪ੍ਰਾਪਰਟੀ (ਉਪਕਰਨਾਂ ਅਤੇ ਵਸਤੂ-ਸੂਚੀਆਂ ਜਿਵੇਂ ਉਤਪਾਦ, ਪੁਰਜ਼ੇ, ਕੱਚੇ ਮਾਲ, ਸਾਧਨ, ਕੰਪਿਊਟਰ ਅਤੇ ਫ਼ੋਨ ਬਾਰੇ ਸੋਚੋ)
- ਤਕਨੀਕੀ ਬੁਨਿਆਦੀ ਪ੍ਰਾਪਰਟੀ (ਈਮੇਲ, ਇੰਟਰਨੈੱਟ ਪਹੁੰਚ ਅਤੇ ਸਾੱਫਟਵੇਅਰ ਬਾਰੇ ਸੋਚੋ)
- ਵਿੱਤੀ ਸੰਪਤੀ (ਨਕਦੀ ਅਤੇ ਬੈਂਕ ਖਾਤਿਆਂ ਬਾਰੇ ਸੋਚੋ)
- ਬੌਧਿਕ ਜਾਇਦਾਦ (ਗੁਪਤ ਜਾਣਕਾਰੀ, ਸਿਰਜਣਾਤਮਕ ਸਮੱਗਰੀ, ਪੇਟੈਂਟ, ਟ੍ਰੇਡਮਾਰਕ ਅਤੇ ਕਾਢਾਂ ਬਾਰੇ ਸੋਚੋ)

## ਗੈਰਾਜ

# ਗੁਪਤ ਜਾਣਕਾਰੀ ਦੀ ਰੱਖਿਆ ਕਰਨਾ

## ਮੰਜ਼ਿਲ

ਗੁਪਤ ਜਾਣਕਾਰੀ ਨੂੰ ਸਾਂਭ ਕੇ ਰੱਖਣ, ਰੱਖਿਅਤ ਕਰਨ ਅਤੇ ਸਹੀ ਤਰੀਕੇ ਨਾਲ ਵਰਤਣ ਲਈ ਬੇਹੱਦ ਕਰੜੇ ਇੰਤਜ਼ਾਮ ਕਰਨਾ।

## ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਜਿਹੜੀ ਜਾਣਕਾਰੀ ਸਾਡੇ ਕੋਲ ਹੈ ਉਹ ਮਹੱਤਵਪੂਰਨ ਹੈ, ਅਕਸਰ ਇਸ ਲਈ ਕਿਉਂਕਿ ਇਹ ਦੂਜਿਆਂ ਕੋਲ ਨਹੀਂ ਹੁੰਦੀ। ਇਹ ਕੋਈ ਭੇਦ ਵਾਲੀ ਗੱਲ ਨਹੀਂ ਹੈ ਕਿ ਡਿਜ਼ੀਟਲ ਦੁਨੀਆਂ ਵਿੱਚ, ਹਰ ਚੀਜ਼ ਡੈਟਾ ’ਤੇ ਚਲਦੀ ਹੈ। ਸਾਡੀ ਦੇਖਭਾਲ ਤਹਿਤ ਜਾਣਕਾਰੀ ਸਾਨੂੰ ਸਾਡੇ ਗਾਹਕਾਂ ਲਈ ਨਿੱਜੀ ਅਨੁਭਵ ਤਿਆਰ ਕਰਨ, ਨਾਮਵਰ ਅਤੇ ਪ੍ਰਤਿਭਾਵਾਨ ਟੀਮ ਮੈਂਬਰਾਂ ਦੀ ਨਿਯੁਕਤੀ ਕਰਨ, ਅਤੇ ਬਾਜ਼ਾਰ ਵਿੱਚ ਸਾਡੀ ਮੁਕਾਬਲੇਬਾਜ਼ੀ ਦੀ ਧਾਰ ਨੂੰ ਬਰਕਰਾਰ ਰੱਖਣ ਦੇ ਯੋਗ ਬਣਾਉਂਦੀ ਹੈ। ਜੇ ਅਸੀਂ ਇਸਦੀ ਰੱਖਿਆ ਨਹੀਂ ਕਰਦੇ, ਤਾਂ ਚੀਜ਼ਾਂ ਜਲਦੀ ਗ਼ਲਤ ਹੋ ਸਕਦੀਆਂ ਹਨ।

ਇਸ ਲਈ ਅਸੀਂ ਗੁਪਤ ਜਾਣਕਾਰੀ ਨੂੰ ਸਹੀ ਤਰ੍ਹਾਂ ਸਟੋਰ ਕਰਦੇ ਹਾਂ ਅਤੇ ਇਸ ਨੂੰ ਸੁਰੱਖਿਅਤ ਰੱਖਦੇ ਹਾਂ, ਭਾਵੇਂ ਇਹ ਸਾਡੇ ਨਾਲ, ਗਾਹਕ ਨਾਲ ਜਾਂ ਕਿਸੇ ਸਪਲਾਇਰ ਨਾਲ ਸੰਬੰਧਤ ਹੋਵੇ।

ਹਾਲਾਂਕਿ ਅਸੀਂ ਇਸ਼ਤਿਹਾਰਬਾਜ਼ੀ, ਉਤਪਾਦਾਂ ਦੇ ਦਸਤਾਵੇਜ਼ਾਂ, ਖ਼ਬਰਾਂ ਜਾਰੀ ਕਰਨ ਅਤੇ ਜਨਤਕ ਵਿੱਤੀ ਰਿਪੋਰਟਿੰਗ ਦੇ ਜ਼ਰੀਏ ਕੁਝ ਜਾਣਕਾਰੀ ਜਨਤਕ ਤੌਰ ’ਤੇ ਦੱਸਦੇ ਹਾਂ, ਪਰ ਅਸੀਂ ਬਾਕੀ ਹਰੇਕ ਚੀਜ਼ ਦੀ ਢੁਕਵੀਂ ਅਤੇ ਉਚਿਤ ਸੁਰੱਖਿਆ ਉਪਾਵਾਂ ਨਾਲ, ਅਤੇ ਕਾਨੂੰਨੀ ਤੌਰ ’ਤੇ ਲਾਗੂ ਹੋਣ ਯੋਗ ਸਮਝੌਤਿਆਂ ਨਾਲ ਰੱਖਿਆ ਕਰਦੇ ਹਾਂ। ਅਸੀਂ ਕਦੇ ਵੀ ਉਚਿਤ ਅਖਤਿਆਰ ਤੋਂ ਬਗੈਰ ਜਾਂ ਕਿਸੇ ਵੀ ਅਜਿਹੇ ਵਿਅਕਤੀ ਨਾਲ ਗੁਪਤ ਜਾਣਕਾਰੀ ਸਾਂਝੀ ਨਹੀਂ ਕਰਦੇ ਜਿਸ ਨੂੰ ਆਪਣਾ ਕੰਮ ਕਰਨ ਲਈ ਇਸਦੀ ਲੋੜ ਨਹੀਂ ਹੈ।

**ਅਸੀਂ ਹਮੇਸ਼ਾਂ ਇਹ ਯਕੀਨੀ ਬਣਾਉਂਦੇ ਹਾਂ ਕਿ ਗੁਪਤ ਜਾਣਕਾਰੀ ਨੂੰ ਸੁਰੱਖਿਅਤ ਕਰਨ ਲਈ ਉਚਿਤ ਅਤੇ ਢੁਕਵੇਂ ਨਿਯੰਤਰਣ ਮੌਜੂਦ ਹਨ।**

## ਨੈਤਿਕ ਵਿਵਹਾਰ ਦਾ ਰੇਲ ਮਾਡਲ।

**ਨਿੱਜੀ ਤੌਰ ’ਤੇ ਬੋਲਣਾ।** *ਤੁਹਾਡੀ ਮੈਨੇਜਰ ਤੁਹਾਨੂੰ ਉਸ ਸਮੇਂ ਕਾਲ ਕਰਦੀ ਹੈ ਜਦੋਂ ਤੁਸੀਂ ਇੱਕ ਭੀੜ ਭਰੇ ਐਲੀਵੇਟਰ ਵਿੱਚ ਹੁੰਦੇ ਹੋ। ਉਹ ਉਸ ਨਵੀਂ ਮਾਰਕੀਟਿੰਗ ਰਣਨੀਤੀ ਬਾਰੇ ਜਾਣਨਾ ਚਾਹੁੰਦੀ ਹੈ ਜੋ ਤੁਸੀਂ ਸੋਚ-ਸਮਝ ਕੇ ਬਣਾਈ ਹੈ। ਤੁਸੀਂ ਫ਼ੋਨ ਦਾ ਜਵਾਬ ਦਿੰਦੇ ਹੋ ਪਰ ਉਦੋਂ ਤੱਕ ਉਡੀਕ ਕਰਦੇ ਹੋ ਜਦੋਂ ਤੱਕ ਤੁਸੀਂ ਆਪਣੇ ਦਫਤਰ ਨਹੀਂ ਪਹੁੰਚ ਜਾਂਦੇ ਅਤੇ ਜਾਣਕਾਰੀ ਸਾਂਝੀ ਕਰਨ ਤੋਂ ਪਹਿਲਾਂ ਦਰਵਾਜ਼ਾ ਬੰਦ ਕਰ ਦਿੰਦੇ ਹੋ। ਸਮਝਦਾਰੀ ਵਾਲੀ ਚਾਲ?* ਬਹੁਤ ਸਮਝਦਾਰੀ ਵਾਲੀ। ਗੁਪਤ ਜਾਣਕਾਰੀ ਕਈ ਤਰੀਕਿਆਂ ਨਾਲ ਲੀਕ ਹੁੰਦੀ ਹੈ, ਜਿਸ ਵਿੱਚ ਐਲੀਵੇਟਰਾਂ ਵਰਗੀਆਂ ਜਨਤਕ ਥਾਵਾਂ ਸ਼ਾਮਲ ਹਨ। ਇਹ ਦੇਖਣਾ ਮਹੱਤਵਪੂਰਨ ਹੈ ਕਿ ਅਸੀਂ ਕੀ ਕਹਿੰਦੇ ਹਾਂ ਅਤੇ ਕਿੱਥੇ ਕਹਿੰਦੇ ਹਾਂ।

**ਜਾਣਕਾਰੀ ਸੁਰੱਖਿਅਤ ਕਰਨਾ।** *ਤੁਸੀਂ ਆਮ ਖੇਤਰ ਵਿੱਚ ਇੱਕ ਪ੍ਰਿੰਟਰ ਵਿੱਚ ਛੱਡ ਦਿੱਤੀ ਗਈ ਗੁਪਤ ਜਾਣਕਾਰੀ ਦੇਖਦੇ ਹੋ। ਤੁਸੀਂ ਜਾਣਕਾਰੀ ਨੂੰ ਉਦੋਂ ਤੱਕ ਸੁਰੱਖਿਅਤ ਕਰਦੇ ਹੋ ਜਦੋਂ ਤੱਕ ਤੁਸੀਂ ਉਸ ਵਿਅਕਤੀ ਅਤੇ ਉਸ ਦੇ ਮੈਨੇਜਰ ਨੂੰ ਇਸ ਦੀ ਰੱਖਿਆ ਕਰਨ ਦੀ ਮਹੱਤਤਾ ਬਾਰੇ ਸਲਾਹ ਨਹੀਂ ਦਿੰਦੇ ਜੋ ਇਸਨੂੰ ਛੱਡ ਗਿਆ ਸੀ। ਸਹੀ ਪਹੁੰਚ?* ਬਹੁਤ ਸ਼ਾਨਦਾਰ! ਗੁਪਤ ਜਾਣਕਾਰੀ ਨੂੰ ਕਿਸੇ ਵੀ ਅਜਿਹੇ ਵਿਅਕਤੀ ਨਾਲ (ਅਣਜਾਣੇ ਵਿੱਚ ਜਾਂ ਕਿਸੇ ਹੋਰ ਤਰੀਕੇ ਨਾਲ) ਸਾਂਝੀ ਨਾ ਕੀਤੀ ਜਾਵੇ ਜੋ ਇਸਨੂੰ ਪ੍ਰਾਪਤ ਕਰਨ ਲਈ ਅਖਤਿਆਰ ਪ੍ਰਾਪਤ ਨਹੀਂ ਹੈ।

## ਸਾਵਧਾਨੀ।

**ਗੁਪਤ ਈਮੇਲਾਂ ਭੇਜਣਾ।** *ਤੁਸੀਂ ਇੱਕ ਬੇਹੱਦ ਸਖ਼ਤ ਸਮਾਂ-ਸੀਮਾ ਨੂੰ ਪੂਰਾ ਕਰਨ ਲਈ ਈਮੇਲ ਰਾਹੀਂ ਕੁਝ ਗੁਪਤ ਜਾਣਕਾਰੀ ਭੇਜਣੀ ਹੈ, ਇਸ ਲਈ ਤੁਸੀਂ ਇਸਨੂੰ ਇੱਕ Word ਦਸਤਾਵੇਜ਼ ਵਜੋਂ ਨੱਥੀ ਕਰਦੇ ਹੋ ਅਤੇ ਸਮਾਂ ਬਚਾਉਣ ਲਈ ਪਾਸਵਰਡ ਨਾਲ ਇੱਕ ਇਨਕ੍ਰਿਪਟਡ ਫਾਈਲ ਭੇਜਦੇ ਹੋ। ਇਸ ਨਾਲ ਚੀਜ਼ਾਂ ਸੁਰੱਖਿਅਤ ਰਹਿਣਗੀਆਂ, ਸਹੀ?* ਸੰਭਵ ਤੌਰ 'ਤੇ। ਬੱਸ ਇਹ ਯਕੀਨੀ ਬਣਾਓ ਕਿ ਇਨਕ੍ਰਿਪਸ਼ਨ ਲਈ ਪਾਸਵਰਡ ਵੱਖਰੇ ਤੌਰ ’ਤੇ ਦਿੱਤਾ ਜਾਂਦਾ ਹੈ।

**ਇਹ ਜਾਣਨਾ ਕਿ ਕਿਸ ਨੂੰ ਜਾਣਨ ਦੀ ਜ਼ਰੂਰਤ ਹੈ।** *ਤੁਸੀਂ ਅਤੇ ਤੁਹਾਡੀ ਟੀਮ ਨਿਰਮਾਣ ਪ੍ਰਕਿਰਿਆ ਦੇ ਸੁਧਾਰ ਬਾਰੇ ਵਿਚਾਰ ਕਰ ਰਹੇ ਹੋ ਜਦੋਂ ਕੋਈ ਸਪਲਾਇਰ ਤੁਹਾਡੇ ਕੋਲੋਂ ਦੀ ਲੰਘਦਾ ਹੈ। ਤੁਹਾਡਾ ਮੈਨੇਜਰ ਮੀਟਿੰਗ ਨੂੰ ਜਾਰੀ ਰੱਖਦਾ ਹੈ ਭਾਵੇਂ ਕਿ ਸਪਲਾਇਰ ਸੁਣਨ ਲਈ ਰੁਕ ਜਾਂਦਾ ਹੈ। ਤੁਹਾਡਾ ਮੈਨੇਜਰ ਕਹਿੰਦਾ ਹੈ ਕਿ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਸਪਲਾਇਰ ਨੇ ਇੱਕ ਗੁਪਤਤਾ ਸਮਝੌਤੇ ’ਤੇ ਦਸਤਖਤ ਕੀਤੇ ਸਨ। ਕੀ ਇਹ ਠੀਕ ਹੈ?* ਸਾਡੀ ਗੁਪਤ ਜਾਣਕਾਰੀ ਨੂੰ ਸੁਰੱਖਿਅਤ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਇਸ ਨੂੰ ਉਹਨਾਂ ਲੋਕਾਂ ਨਾਲ ਸਾਂਝਾ ਨਾ ਕਰਨਾ ਜਿਨ੍ਹਾਂ ਨੂੰ ਇਸ ਬਾਰੇ ਜਾਣਨ ਦੀ ਜ਼ਰੂਰਤ ਨਹੀਂ ਹੈ। ਨਿਮਰਤਾ ਨਾਲ ਸਪਲਾਇਰ ਨੂੰ ਮੀਟਿੰਗ ਤੋਂ ਦੂਰ ਲੈ ਜਾਓ ਤਾਂ ਜੋ ਤੁਹਾਡਾ ਬੌਸ ਚਰਚਾ ਨੂੰ ਸਮਾਪਤ ਕਰ ਸਕੇ।

## ਗਲਤ ਤਰੀਕਾ।

*ਗੁਪਤ ਜਾਣਕਾਰੀ ਸਾਂਝਾ ਕਰਨਾ। ਤੁਸੀਂ ਇੱਕ ਨਿੱਜੀ ਬਲੌਗ ਸ਼ੁਰੂ ਕਰਦੇ ਹੋ ਜੋ ਕਾਰਜ-ਸਥਾਨ ਦੀਆਂ ਕਹਾਣੀਆਂ ਨੂੰ ਢੂੰਹਦਾ ਹੈ। ਤੁਹਾਨੂੰ ਲਗਦਾ ਹੈ ਕਿ ਇਹ ਵਿਕਰੀ ਦੇ ਟੀਚਿਆਂ ਨੂੰ ਹਾਸਲ ਕਰਨਾ ਸੌਖਾ ਬਣਾਉਣ ਵਿੱਚ ਸਹਾਇਤਾ ਕਰ ਸਕਦਾ ਹੈ, ਇਸ ਲਈ ਤੁਸੀਂ ਦਿਲਚਸਪੀ ਪੈਦਾ ਕਰਨ ਲਈ ਕੁਝ ਰਿਲੀਜ਼ ਨਾ ਕੀਤੇ ਉਤਪਾਦਾਂ ਦੇ ਡਿਜ਼ਾਈਨਾਂ ਦਾ ਜ਼ਿਕਰ ਕਰਦੇ ਹੋ। ਕੀ ਤੁਸੀਂ ਮਾਰਕੀਟਿੰਗ ਦੇ ਪਿਤਾਮਾ ਹੋ?* ਬਿਲਕੁਲ ਨਹੀਂ। ਕੋਈ ਮੁਕਾਬਲੇਬਾਜ਼ ਸਾਡੇ ਡਿਜ਼ਾਈਨ ਦੀ ਨਕਲ ਕਰ ਸਕਦਾ ਹੈ, ਅਤੇ ਤੁਸੀਂ ਉਤਪਾਦਾਂ ਦੇ ਡਿਜ਼ਾਈਨ ਨੂੰ ਪੇਟੈਂਟ ਕਰਵਾਉਣ ਦੇ ਸਾਡੇ ਯਤਨਾਂ ਨੂੰ ਕਮਜ਼ੋਰ ਕਰ ਸਕਦੇ ਹੋ। ਜੋ ਕੁਝ ਅਸੀਂ ਬਣਾਉਂਦੇ ਹਾਂ ਉਸਦੀ ਰੱਖਿਆ ਕਰਨ ਵਿੱਚ ਸਹਾਇਤਾ ਕਰਕੇ ਆਪਣੀ ਭੂਮਿਕਾ ਨਿਭਾਓ।



## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਜਾਣੋ ਕਿ ਗੁਪਤ ਜਾਣਕਾਰੀ ਦੀ ਰੱਖਿਆ ਕਿਵੇਂ ਕਰਨੀ ਚਾਹੀਦੀ ਹੈ?

ਮੰਨ ਲਓ ਕੰਪਨੀ ਦੀ ਸਾਰੀ ਜਾਣਕਾਰੀ ਗੁਪਤ ਹੈ ਜਦ ਤੱਕ ਤੁਹਾਨੂੰ ਕੋਈ ਪੁਸ਼ਟੀ ਨਹੀਂ ਹੁੰਦੀ ਹੈ ਕਿ ਅਜਿਹਾ ਨਹੀਂ ਹੈ ਅਤੇ ਇਹ ਯਕੀਨੀ ਬਣਾਓ:

- ਲੈਪਟੌਪ ਅਤੇ ਮੋਬਾਈਲ ਡੀਵਾਈਸਾਂ ਨੂੰ ਭੌਤਿਕ ਅਤੇ ਇਲੈਕਟ੍ਰਾਨਿਕ ਤੌਰ ’ਤੇ ਸੁਰੱਖਿਅਤ ਰੱਖੋ।
- ਜਦੋਂ ਤੁਸੀਂ ਬਾਹਰ ਜਾ ਰਹੇ ਹੋ ਤਾਂ ਆਪਣੇ ਵਰਕਸਟੇਸ਼ਨ ਨੂੰ ਲੱਕ ਕਰੋ।
- ਮਜ਼ਬੂਤ ਪਾਸਵਰਡਾਂ ਦੀ ਵਰਤੋਂ ਕਰੋ ਅਤੇ ਪਾਸਵਰਡ ਸੁਰੱਖਿਅਤ ਰੱਖੋ।
- ਨਿਰਦੇਸ਼ ਦਿੱਤੇ ਅਨੁਸਾਰ ਸੁਰੱਖਿਆ ਸਾੱਫਟਵੇਅਰ ਅਤੇ ਅੱਪਡੇਟ ਸਥਾਪਤ ਕਰੋ।
- ਇਹ ਯਕੀਨੀ ਬਣਾਓ ਕਿ ਤੁਸੀਂ ਅਧਿਕਾਰਤ ਲੋਕਾਂ ਅਤੇ ਉਹਨਾਂ ਲੋਕਾਂ ਨਾਲ ਜਾਣਕਾਰੀ ਸਾਂਝੀ ਕਰ ਰਹੇ ਹੋ ਜਿਨ੍ਹਾਂ ਨੂੰ ਜਾਣਨ ਦੀ ਜ਼ਰੂਰਤ ਹੈ।

## ਗੈਰਾਜ

# ਪਰਦੇਦਾਰੀ ਦੀ ਰੱਖਿਆ ਕਰਨਾ

### ਮੰਜ਼ਿਲ

ਪਰਦੇਦਾਰੀ ਦੀ ਰੱਖਿਆ ਕਰਨਾ ਅਤੇ ਇਹ ਯਕੀਨੀ ਬਣਾਉਣਾ ਕਿ ਅਸੀਂ ਨਿਰਪੱਖ ਅਤੇ ਪਾਰਦਰਸ਼ੀ ਤਰੀਕੇ ਨਾਲ ਨਿੱਜੀ ਜਾਣਕਾਰੀ ਇਕੱਤਰ ਕਰਦੇ ਹਾਂ, ਇਸਦੀ ਵਰਤੋਂ ਕਰਦੇ ਹਾਂ, ਸਾਂਝੀ ਕਰਦੇ ਹਾਂ ਅਤੇ ਇਸ ਨੂੰ ਸਾਂਭ ਕੇ ਰੱਖਦੇ ਹਾਂ।

### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਸਾਨੂੰ ਆਪਣੀ ਨਿੱਜੀ ਜਾਣਕਾਰੀ ਦੇਣ ਵਾਲੇ ਟੀਮ ਦੇ ਮੈਂਬਰਾਂ, ਸ਼ੇਅਰ ਧਾਰਕਾਂ, ਗਾਹਕਾਂ, ਵਿਕਰੇਤਾਵਾਂ ਅਤੇ ਹੋਰਾਂ ਨੂੰ ਵਿਸ਼ਵਾਸ ਹੈ ਕਿ ਅਸੀਂ ਇਸ ਦਾ ਰੱਖ-ਰਖਾਓ ਧਿਆਨ ਨਾਲ ਕਰਾਂਗੇ। ਅਸੀਂ ਨਿੱਜੀ ਜਾਣਕਾਰੀ ਨੂੰ ਕਾਨੂੰਨੀ ਤੌਰ 'ਤੇ, ਉਚਿਤ ਤਰੀਕੇ ਨਾਲ ਅਤੇ ਕੇਵਲ ਮੁਹੱਈਆ ਕਰਵਾਏ ਉਦੇਸ਼ਾਂ ਲਈ ਵਰਤਦੇ ਹਾਂ।

ਸਾਡੇ ਵਿੱਚ ਜ਼ਾਹਰ ਕੀਤੇ ਭਰੋਸੇ ਦੇ ਕਾਰਨ, ਅਸੀਂ ਪਰਦੇਦਾਰੀ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ ਅਤੇ ਇਹ ਯਕੀਨੀ ਬਣਾਉਂਦੇ ਹਾਂ ਕਿ ਸਾਡੇ ਨਾਲ, ਸਾਡੇ ਲਈ, ਜਾਂ ਸਾਡੀ ਤਰਫ਼ੋਂ ਕੰਮ ਕਰਨ ਵਾਲਾ ਹਰ ਵਿਅਕਤੀ ਸਾਡੀਆਂ ਪਰਦੇਦਾਰੀ ਸੰਬੰਧੀ ਰਵਾਇਤਾਂ ਅਤੇ ਲਾਗੂ ਹੋਣ ਵਾਲੇ ਕਾਨੂੰਨਾਂ ਤੋਂ ਜਾਣੂੰ ਹਨ। ਇਸ ਵਿੱਚ ਸਾਡੇ ਵੱਲੋਂ ਇਕੱਤਰ ਕੀਤੀ ਜਾਂਦੀ ਨਿੱਜੀ ਜਾਣਕਾਰੀ ਦੀਆਂ ਕਿਸਮਾਂ, ਅਸੀਂ ਇਸ ਦੀ ਵਰਤੋਂ ਕਿਵੇਂ ਕਰਦੇ ਹਾਂ, ਅਤੇ ਲੋਕਾਂ ਕੋਲ ਆਪਣੀ ਨਿੱਜੀ ਜਾਣਕਾਰੀ ਸੰਬੰਧੀ ਕੀ ਅਧਿਕਾਰ ਹਨ, ਸ਼ਾਮਲ ਹਨ।

## ਨੈਤਿਕ ਵਿਵਹਾਰ ਦਾ ਰੋਲ ਮਾਡਲ।

**ਪਰਦੇਦਾਰੀ ਦੇ ਅਧਿਕਾਰਾਂ ਦਾ ਸਨਮਾਨ ਕਰਨਾ।** *ਇੱਕ ਟੀਮ ਮੈਂਬਰ ਜਣੇਪਾ ਛੁੱਟੀ 'ਤੇ ਗਈ ਹੈ ਅਤੇ ਇੱਕ ਸਪਲਾਇਰ ਕਾਰਡ ਭੇਜਣ ਲਈ ਉਸ ਦੇ ਘਰ ਦਾ ਪਤਾ ਪੁੱਛਦਾ ਹੈ। ਤੁਸੀਂ ਸੁਝਾਅ ਦਿੰਦੇ ਹੋ ਕਿ ਉਹ ਇਸ ਦੀ ਬਜਾਏ ਕਾਰਡ ਨੂੰ ਉਸ ਦੀ ਫੈਕਟਰੀ ਦੇ ਟਿਕਾਣੇ 'ਤੇ ਭੇਜ ਸਕਦਾ ਹੈ। ਸਹੀ ਪਹੁੰਚ?* ਹਾਂ। ਤੁਹਾਨੂੰ ਕਿਸੇ ਸਪਲਾਇਰ - ਜਾਂ ਕਿਸੇ ਹੋਰ ਨਾਲ - ਜਾਂ ਆਪਣੀ ਟੀਮ ਦੇ ਮੈਂਬਰ ਦੀ ਸਹਿਮਤੀ ਤੋਂ ਬਿਨਾਂ ਜਾਂ, ਸਾਡੇ ਸਿਸਟਮ ਅਤੇ ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨ ਦੇ ਮਾਮਲੇ ਵਿੱਚ, ਪਰਦੇਦਾਰੀ ਦਫਤਰ ਦੀ ਸਹਿਮਤੀ ਤੋਂ ਬਿਨਾਂ, ਘਰ ਦਾ ਪਤਾ ਜਾਂ ਨਿੱਜੀ ਡੈਟਾ ਸਾਂਝਾ ਨਹੀਂ ਕਰਨਾ ਚਾਹੀਦਾ ਹੈ।

## ਸਾਵਧਾਨੀ।

**ਸਾਈਬਰ-ਸੁਰੱਖਿਆ ਦੀ ਪਾਲਣਾ ਕਰਨਾ।** *ਤੁਹਾਨੂੰ ਕੋਈ ਈਮੇਲ ਮਿਲਦੀ ਹੈ ਕਿ ਤੁਸੀਂ ਇੱਕ ਮੁਕਾਬਲਾ ਜਿੱਤਿਆ ਹੈ ਅਤੇ ਇੱਕ ਮੁਫ਼ਤ, ਨਿਵੇਕਲੀ ਵਰਕਸ਼ਾਪ ਲਈ ਤੁਹਾਨੂੰ ਆਪਣੀ ਪੂਰੀ ਟੀਮ ਨੂੰ ਰਜਿਸਟਰ ਕਰਨ ਦੀ ਜ਼ਰੂਰਤ ਹੈ। ਤੁਹਾਨੂੰ ਲਗਦਾ ਹੈ ਕਿ ਇਸ ਈਮੇਲ ਵਿੱਚ ਇੱਕ ਵਾਇਰਸ ਹੋ ਸਕਦਾ ਹੈ ਜਾਂ ਸਾਡੇ ਸਿਸਟਮ ਨੂੰ ਹੈਕ ਕਰਨ ਦੀ ਕੋਸ਼ਿਸ਼ ਹੋ ਸਕਦੀ ਹੈ, ਇਸ ਲਈ ਤੁਸੀਂ ਕੋਈ ਵੀ ਅਟੈਚਮੈਂਟ ਜਾਂ ਲਿੰਕ ਖੋਲ੍ਹਣ ਤੋਂ ਬਿਨਾਂ ਈਮੇਲ ਨੂੰ ਮਿਟਾ ਦਿੰਦੇ ਹੋ। ਕੀ ਤੁਸੀਂ ਕਿਸੇ ਕਦਮ ਤੋਂ ਖੁੰਝ ਗਏ ਹੋ?* ਸੰਭਵ ਤੌਰ 'ਤੇ। ਤੁਸੀਂ ਏਨੇ ਸਮਝਦਾਰ ਹੋ ਕਿ ਤੁਸੀਂ ਜਾਣਦੇ ਹੋ ਕਿ ਸਾਡੇ ਸਿਸਟਮ ਦੀ ਪ੍ਰਤੀਰੱਖਿਆ ਕਿੰਨੀ ਵੀ ਮਜ਼ਬੂਤ ਕਿਉਂ ਨਾ ਹੋਵੇ, ਇਸ ਈਮੇਲ 'ਤੇ ਕਲਿਕ ਕਰਨਾ ਇੱਕ ਵਾਇਰਸ ਨੂੰ ਸਮਰੱਥ ਕਰ ਸਕਦਾ ਹੈ ਜੋ ਪਾਸਵਰਡ, ਨਿੱਜੀ ਡੈਟਾ ਜਾਂ ਕੰਪਨੀ ਦੀ ਜਾਣਕਾਰੀ ਚੋਰੀ ਕਰਦਾ ਹੈ। ਈਮੇਲ ਨੂੰ ਤੁਰੰਤ ਹਟਾਉਣ ਦੀ ਬਜਾਏ, ਇਸਨੂੰ ਜਾਣਕਾਰੀ ਸੁਰੱਖਿਆ ਵਿਭਾਗ ਕੋਲ ਅੱਗੇ ਭੇਜੋ ਅਤੇ ਉਹਨਾਂ ਨੂੰ ਦੱਸੋ ਕਿ ਤੁਹਾਨੂੰ ਕੀ ਮਿਲਿਆ ਹੈ ਤਾਂ ਕਿ ਉਹ ਇਹ ਯਕੀਨੀ ਬਣਾ ਸਕਣ ਕਿ ਕੋਈ ਹੋਰ ਗਲਤੀ ਨਾ ਕਰ ਸਕੇ।

## ਗਲਤ ਤਰੀਕਾ।

**ਪ੍ਰੋਟੋਕੋਲ ਦੀ ਅਣਦੇਖੀ ਕਰਨਾ।** *ਤੁਸੀਂ ਖ਼ਰੀਦ ਅਤੇ ਪ੍ਰਾਪਤੀ ਵਿਭਾਗ (Procurement) ਵਿੱਚ ਕੰਮ ਕਰਦੇ ਹੋ ਅਤੇ ਕਿਸੇ ਪ੍ਰੋਜੈਕਟ ਲਈ ਕਿਸੇ ਵਿਕਰੇਤਾ ਨਾਲ ਸੰਪਰਕ ਕਰਨ ਅਤੇ ਉਹਨਾਂ ਨੂੰ ਸਾਡੇ ਸਿਸਟਮ ਤੱਕ ਪਹੁੰਚ ਪ੍ਰਦਾਨ ਕਰਨ ਦੀ ਬੇਨਤੀ ਪ੍ਰਾਪਤ ਕਰਦੇ ਹੋ। ਇਹ ਪ੍ਰੋਟੋਕੋਲ ਨਹੀਂ ਹੈ, ਪਰ ਬੇਨਤੀ ਅਤੀ-ਜ਼ਰੂਰੀ ਅਤੇ ਉੱਚ ਪੱਧਰ ਦੇ ਕਾਰਜਕਾਰੀ-ਅਧਿਕਾਰੀ ਵੱਲੋਂ ਹੈ। ਕੀ ਜਾਰੀ ਰੱਖਣਾ ਠੀਕ ਹੈ?* ਨਹੀਂ। ਇਹ ਯਕੀਨੀ ਬਣਾਓ ਕਿ ਗੁਪਤ ਜਾਣਕਾਰੀ ਤੱਕ ਪਹੁੰਚ ਪ੍ਰਦਾਨ ਕਰਨ ਤੋਂ ਪਹਿਲਾਂ 'ਜਾਣਕਾਰੀ ਸੁਰੱਖਿਆ' ਵਿਭਾਗ ਦੁਆਰਾ ਵਿਕਰੇਤਾ ਨੂੰ ਮਨਜ਼ੂਰੀ ਦਿੱਤੀ ਗਈ ਹੈ ਜਾਂ ਨਹੀਂ। ਕਾਰਜਕਾਰੀ ਅਧਿਕਾਰੀ ਨੂੰ ਦੱਸੋ ਕਿ ਤੁਹਾਨੂੰ ਪ੍ਰੋਟੋਕੋਲ ਦੀ ਪਾਲਣਾ ਕਰਨ ਅਤੇ ਈਮਾਨਦਾਰੀ ਨਾਲ ਕੰਮ ਕਰਨ ਦੀ ਜ਼ਰੂਰਤ ਹੈ। ਜੇ ਉਹ ਜ਼ੋਰ ਦਿੰਦੇ ਹਨ ਕਿ ਤੁਸੀਂ ਇਸ ਤੋਂ ਉਲਟ ਕਰੋ, ਤਾਂ ਮਦਦ ਲਈ ਕਿਸੇ ਮੈਨੇਜਰ ਨਾਲ ਸੰਪਰਕ ਕਰੋ।

## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਕੁਝ ਉਦਾਹਰਨਾਂ ਦੀ ਜ਼ਰੂਰਤ ਹੈ?


ਨਿੱਜੀ ਜਾਣਕਾਰੀ ਵਿੱਚ ਉਹ ਸਭ ਸ਼ਾਮਲ ਹੁੰਦਾ ਹੈ ਜੋ ਕਿਸੇ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਪਛਾਣ ਸਕਦਾ ਹੈ, ਜਿਸ ਵਿੱਚ ਸ਼ਾਮਲ ਹੈ:

- ਨਾਮ
- ਪਤਾ
- ਈਮੇਲ
- IP ਐਡਰੈੱਸ
- ਫ਼ੋਨ ਨੰਬਰ
- ਬੈਂਕ ਜਾਂ ਕਰੈਡਿਟ ਕਾਰਡ ਬਾਰੇ ਜਾਣਕਾਰੀ
- ਸਿਹਤ ਜਾਣਕਾਰੀ
- ਟੀਮ ਮੈਂਬਰ ID

ਪੱਕਾ ਪਤਾ ਨਹੀਂ ਕਿ ਇਹ "ਨਿੱਜੀ ਜਾਣਕਾਰੀ" ਹੈ? ਜਦ ਤੱਕ ਤੁਸੀਂ ਯਕੀਨੀ ਤੌਰ 'ਤੇ ਜਾਣਦੇ ਨਹੀਂ ਹੋ, ਉਦੋਂ ਤਕ ਇਸ ਤਰ੍ਹਾਂ ਵਿਵਹਾਰ ਕਰੋ ਜਿਵੇਂ ਕਿ ਇਹ ਹੈ।

ਕੀ ਡੈਟੇ ਦੀ ਪਰਦੇਦਾਰੀ ਬਾਰੇ ਕੋਈ ਪ੍ਰਸ਼ਨ ਹਨ? ਕਿਰਪਾ ਕਰਕੇ, ਸਾਡੇ ਪਰਦੇਦਾਰੀ ਦਫਤਰ ਨਾਲ ਸੰਪਰਕ ਕਰੋ।

ਜੇ ਸਾਈਬਰ ਸੁਰੱਖਿਆ ਬਾਰੇ ਤੁਹਾਡੇ ਕੋਈ ਪ੍ਰਸ਼ਨ ਹਨ, ਜਿਸ ਵਿੱਚ ਫਿਸ਼ਿੰਗ ਅਤੇ ਸਪੈਮ ਸ਼ਾਮਲ ਹਨ, ਤਾਂ ਕਿਰਪਾ ਕਰਕੇ ਜਾਣਕਾਰੀ ਸੁਰੱਖਿਆ ਵਿਭਾਗ ਨਾਲ ਸੰਪਰਕ ਕਰੋ।



## ਗੈਰਾਜ

# ਸਰਕਾਰ ਨਾਲ ਅੰਤਰ-ਕਿਰਿਆ ਕਰਨਾ

### ਮੰਜ਼ਿਲ

ਜਿੱਥੇ ਕਿਤੇ ਅਸੀਂ ਕਾਰਜ ਕਰਦੇ ਹਾਂ ਓਥੇ ਹਰ ਜਗ੍ਹਾ ਸਰਕਾਰ ਨਾਲ ਈਮਾਨਦਾਰ ਅਤੇ ਪਾਰਦਰਸ਼ੀ ਸੰਬੰਧ ਬਣਾਉਣਾ।

### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਸਾਡੀ ਖੁਸ਼ਕਿਸਮਤੀ ਹੈ ਕਿ ਅਸੀਂ ਵਿਸ਼ਵ ਭਰ ਦੀਆਂ ਵੱਖ ਵੱਖ ਸਰਕਾਰੀ ਏਜੰਸੀਆਂ ਅਤੇ ਨੁਮਾਇੰਦਿਆਂ ਨਾਲ ਕੰਮ ਕਰਦੇ ਹਾਂ। ਸਰਕਾਰ ਇਹਨਾਂ ਰਿਸ਼ਤਿਆਂ ਨੂੰ ਧਿਆਨ ਨਾਲ ਦੇਖਦੀ ਹੈ ਅਤੇ ਉਸਦੀਆਂ ਇਹਨਾਂ ਬਾਰੇ ਸਖ਼ਤ ਲੋੜਾਂ ਹਨ, ਇਸ ਲਈ ਭਰੋਸਾ, ਜਵਾਬਦੇਹੀ ਅਤੇ ਪਾਰਦਰਸ਼ਤਾ ਅਤੀ ਜ਼ਰੂਰੀ ਹਨ।

ਸਰਕਾਰੀ ਅਫਸਰਾਂ ਨਾਲ ਕੰਮ ਕਰਦੇ ਸਮੇਂ - ਜਿਵੇਂ ਕਿ ਸਾਡੇ ਸਾਰੇ ਵਪਾਰਕ ਰਿਸ਼ਤਿਆਂ ਵਿੱਚ ਹੁੰਦਾ ਹੈ - ਅਸੀਂ ਨਿਯਮਾਂ ਦੀ ਪਾਲਣਾ ਕਰਦੇ ਹਾਂ ਅਤੇ ਕਦੇ ਵੀ ਅਨੈਤਿਕ ਕੰਮ ਨਹੀਂ ਕਰਦੇ। ਜੇ ਤੁਸੀਂ ਕਦੇ ਵੀ ਅਜਿਹੇ ਆਪਰੇਸ਼ਨਾਂ ਵਿੱਚ ਸ਼ਾਮਲ ਹੁੰਦੇ ਹੋ ਜਿਨ੍ਹਾਂ ਵਿੱਚ ਪਰਮਿਟ, ਕਸਟਮਜ਼, ਉਸਾਰੀ ਜਾਂ ਸਰਕਾਰ ਨਾਲ ਹੋਰ ਕਿਸਮ ਦੇ ਕੰਮ ਸ਼ਾਮਲ ਹਨ, ਤਾਂ ਆਪਣੀ ਅਤੇ ਕੰਪਨੀ ਦੀ ਰੱਖਿਆ ਲਈ ਜ਼ਰੂਰੀ ਕਦਮ ਚੁੱਕੋ, ਅਤੇ ਇਹ ਸਾਬਤ ਕਰਨ ਦੇ ਯੋਗ ਬਣੋ ਕਿ ਤੁਸੀਂ ਹਮੇਸ਼ਾ ਈਮਾਨਦਾਰੀ ਨਾਲ ਕੰਮ ਕੀਤਾ ਹੈ।

### ਨੈਤਿਕ ਵਿਵਹਾਰ ਦਾ ਰੋਲ ਮਾਡਲ।

**ਮਿਲਵਰਤਨ ਨਾਲ ਤਾਮੀਲ ਕਰਨਾ।** *ਇੱਕ ਸਰਕਾਰੀ ਅਫਸਰ ਤੁਹਾਡੀ ਫੈਕਟਰੀ ਦੇ ਸਥਾਨ 'ਤੇ ਇੱਕ ਅਚਾਨਕ ਲੇਖਾ-ਪੜਤਾਲ ਲਈ ਪਹੁੰਚਦੀ ਹੈ। ਤੁਸੀਂ ਨਿਮਰਤਾ ਨਾਲ ਅਤੇ ਪੇਸ਼ੇਵਰ ਤਰੀਕੇ ਨਾਲ ਉਸ ਦਾ ਸਵਾਗਤ ਕਰਦੇ ਹੋ, ਅਤੇ ਫਿਰ ਕਾਨੂੰਨ ਵਿਭਾਗ ਨਾਲ ਸੰਪਰਕ ਕਰਦੇ ਹੋ ਤਾਂ ਕਿ ਉਹ ਮਦਦ ਕਰ ਸਕਣ। ਸਹੀ ਪ੍ਰਤੀਕਿਰਿਆ?* ਹਾਂ। ਅਸੀਂ ਹਮੇਸ਼ਾਂ ਸਰਕਾਰੀ ਨਿਰੀਖਣਾਂ, ਜਾਂਚਾਂ, ਅਤੇ ਜਾਣਕਾਰੀ ਲਈ ਬੇਨਤੀਆਂ ਵਿੱਚ ਸਹਿਯੋਗ ਕਰਦੇ ਹਾਂ। ਕਾਨੂੰਨ ਵਿਭਾਗ ਸਰਕਾਰੀ ਅਧਿਕਾਰੀ ਦੀਆਂ ਲੋੜਾਂ ਦਾ ਜਵਾਬ ਦੇਣ ਲਈ ਵਧੀਆ ਤਰੀਕੇ ਨਾਲ ਲੈਸ ਹੈ, ਇਸ ਲਈ ਤੁਸੀਂ ਸਹੀ ਕੰਮ ਕੀਤਾ। ਅਤੇ ਜੇ ਤੁਹਾਨੂੰ ਕਦੇ ਵੀ ਕਾਨੂੰਨ ਵਿਭਾਗ ਦੁਆਰਾ ਕਿਸੇ ਸਰਕਾਰੀ ਬੇਨਤੀ ਦਾ ਸਿੱਧਾ ਜਵਾਬ ਦੇਣ ਵਿੱਚ ਮਦਦ ਕਰਨ ਲਈ ਕਿਹਾ ਜਾਂਦਾ ਹੈ, ਤਾਂ ਸੱਚ ਦੱਸੋ। ਕਦੇ ਕਿਸੇ ਨੂੰ ਗੁੰਮਰਾਹ ਨਾ ਕਰੋ, ਉਹਨਾਂ ਦੇ ਕੰਮ ਵਿੱਚ ਰੁਕਾਵਟ ਨਾ ਪਾਓ, ਜਾਂ ਦਸਤਾਵੇਜ਼ ਨਾ ਛੁਪਾਓ, ਨਾ ਨਸ਼ਟ ਕਰੋ ਜਾਂ ਨਾ ਹੀ ਦਸਤਾਵੇਜ਼ ਬਦਲੋ।

### ਸਾਵਧਾਨੀ।

**ਮਾਰਗਦਰਸ਼ਨ ਦੀ ਮੰਗ ਕਰਨਾ।** *ਤੁਸੀਂ ਇੱਕ ਪ੍ਰੋਗਰਾਮ ਦੀ ਮੇਜ਼ਬਾਨੀ ਕਰ ਰਹੇ ਹੋ ਜਿੱਥੇ ਸਰਕਾਰੀ ਅਧਿਕਾਰੀ ਸ਼ਾਮਲ ਹੋਣਗੇ, ਅਤੇ ਤੁਸੀਂ Tenneco ਲਈ ਕੁਝ ਪ੍ਰਚਾਰ ਵਾਲੀਆਂ ਚੀਜ਼ਾਂ ਦੇਣਾ ਚਾਹੁੰਦੇ ਹੋ। ਕੋਈ ਵੱਡੀ ਗੱਲ ਨਹੀਂ, ਸਹੀ?* ਹੋ ਸਕਦਾ ਹੈ। ਸਰਕਾਰੀ ਅਧਿਕਾਰੀਆਂ ਨੂੰ ਤੋਹਫ਼ੇ ਦੇਣ ਵਾਲੇ ਨਿਯਮ ਸਖਤ ਹਨ। ਆਪਣੇ ਪ੍ਰੋਗਰਾਮ ਦੀ ਮੇਜ਼ਬਾਨੀ ਕਰਨ ਤੋਂ ਪਹਿਲਾਂ, ਸਾਡੀ ਹੌਟਲਾਈਨ ਰਾਹੀਂ ਮਾਰਗਦਰਸ਼ਨ ਦੀ ਬੇਨਤੀ ਦੁਆਰਾ ਪ੍ਰਵਾਨਗੀ ਲਓ। ਤੁਸੀਂ ਨਹੀਂ ਚਾਹੁੰਦੇ ਕਿ ਕੋਈ ਤੁਹਾਡੀ ਉਦਾਰਤਾ ਨੂੰ ਰਿਸ਼ਵਤ ਸਮਝੇ।



## ਗਲਤ ਤਰੀਕਾ।

ਅਨੈਤਿਕ ਤੌਰ 'ਤੇ ਠੇਕਾ ਲੈਣਾ। *ਰਾਜ ਦੀ ਮਲਕੀਅਤ ਵਾਲੀ ਇੱਕ ਸੰਸਥਾ ਤੁਹਾਨੂੰ ਕਿਸੇ ਪ੍ਰੋਜੈਕਟ 'ਤੇ ਬੋਲੀ ਲਗਾਉਣ ਲਈ ਕਹਿੰਦੀ ਹੈ। ਤੁਸੀਂ ਇੱਕ ਮੁਕਾਬਲੇਬਾਜ਼ ਨਾਲ ਤਾਲਮੇਲ ਬਣਾਉਂਦੇ ਹੋ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੀ ਬੋਲੀ ਹੀ ਸਭ ਤੋਂ ਘੱਟ ਬੋਲੀ ਹੈ। ਕਾਰੋਬਾਰ ਬਾਬਤ ਲੜਨ ਦੀ ਜ਼ਰੂਰਤ ਨਹੀਂ ਹੈ। ਇਸ ਤਰ੍ਹਾਂ ਮਿਲ ਕੇ ਕੰਮ ਕਰਨਾ ਕੀਮਤਾਂ ਨੂੰ ਉੱਚਾ ਰੱਖਦਾ ਹੈ ਤਾਂ ਕਿ ਦੋਵੇਂ ਕੰਪਨੀਆਂ ਟੀਚਿਆਂ ਨੂੰ ਪੂਰਾ ਕਰ ਸਕਣ। ਕਾਰੋਬਾਰ ਨੂੰ ਸੁਰੱਖਿਅਤ ਕਰਨ ਦਾ ਵਧੀਆ ਤਰੀਕਾ?* ਨਹੀਂ। ਅਸੀਂ ਸਹੀ ਢੰਗ ਨਾਲ ਜਿੱਤਦੇ ਹਾਂ – ਸੱਚਾਈ, ਨੈਤਿਕਤਾ ਅਤੇ ਹਮੇਸ਼ਾ ਇਮਾਨਦਾਰੀ ਨਾਲ। ਇਹ ਬੋਲੀ ਦੀ ਧਾਂਦਲੀ ਹੈ, ਇੱਕ ਅਜਿਹੀ ਪ੍ਰਥਾ ਜੋ ਬੋਲੀ ਲਗਾਉਣ ਦੀ ਪ੍ਰਕਿਰਿਆ ਨੂੰ ਕਮਜ਼ੋਰ ਕਰਦੀ ਹੈ ਅਤੇ ਅਕਸਰ ਗੈਰਕਾਨੂੰਨੀ ਹੁੰਦੀ ਹੈ। ਆਪਣੇ ਮੈਨੇਜਰ ਅਤੇ ਕਾਨੂੰਨ ਵਿਭਾਗ ਨਾਲ ਤੁਰੰਤ ਸੰਪਰਕ ਕਰੋ।



## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਸਰਕਾਰੀ ਅਧਿਕਾਰੀ ਕਿਸਨੂੰ ਮੰਨਿਆ ਜਾਂਦਾ ਹੈ?

"ਸਰਕਾਰੀ ਅਧਿਕਾਰੀ" ਸ਼ਬਦ ਵਿਆਪਕ ਹੈ ਅਤੇ ਇਹ ਸਿਰਫ਼ ਚੁਣੇ ਅਧਿਕਾਰੀਆਂ ਤੋਂ ਵੀ ਵੱਧ ਲੋਕਾਂ 'ਤੇ ਲਾਗੂ ਹੁੰਦਾ ਹੈ। ਇਸ ਵਿੱਚ ਸ਼ਾਮਲ ਹੋ ਸਕਦੇ ਹਨ:

- ਸਰਕਾਰੀ ਏਜੰਸੀਆਂ ਦੇ ਕਰਮਚਾਰੀ
- ਸਰਕਾਰ ਦੁਆਰਾ ਨਿਯੰਤਰਿਤ ਕੰਪਨੀਆਂ ਜਾਂ ਇਕਾਈਆਂ ਦੇ ਕਰਮਚਾਰੀ (ਜਿਵੇਂ ਕਿ, ਪਬਲਿਕ ਸਕੂਲ, ਯੂਨੀਵਰਸਿਟੀਆਂ, ਆਦਿ)
- ਰਾਜਨੀਤਿਕ ਪਾਰਟੀਆਂ ਦੇ ਅਧਿਕਾਰੀ ਜਾਂ ਏਥੋਂ ਤੱਕ ਕਿ ਉਮੀਦਵਾਰ ਵੀ

## ਗੈਰਾਜ

# ਰਾਜਨੀਤਕ ਪ੍ਰਕਿਰਿਆ ਵਿੱਚ ਭਾਗ ਲੈਣਾ

### ਮੰਜ਼ਿਲ

ਸਾਡੇ ਭਾਈਚਾਰਿਆਂ ਨੂੰ ਬਿਹਤਰ ਬਣਾਉਣਾ।

### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਰਾਜਨੀਤਿਕ ਪ੍ਰਕਿਰਿਆ ਵਿੱਚ ਹਿੱਸਾ ਲੈਣਾ ਇੱਕ ਚੰਗਾ ਨਾਗਰਿਕ ਅਤੇ ਸਮਾਜ ਦਾ ਉਤਪਾਦਕ ਮੈਂਬਰ ਬਣਨ ਦਾ ਹਿੱਸਾ ਹੈ। ਹਾਲਾਂਕਿ ਅਸੀਂ ਰਾਜਨੀਤਿਕ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਲਈ ਸਾਡੀ ਟੀਮ ਦੇ ਮੈਂਬਰਾਂ ਦੇ ਅਧਿਕਾਰਾਂ ਦਾ ਸਨਮਾਨ ਕਰਦੇ ਹਾਂ ਅਤੇ ਸਾਡੀ ਟੀਮ ਦੇ ਮੈਂਬਰਾਂ ਵਿੱਚ ਪਾਏ ਜਾਣ ਵਾਲੇ ਵੱਖੋ-ਵੱਖਰੇ ਰਾਜਨੀਤਿਕ ਦ੍ਰਿਸ਼ਟੀਕੋਣਾਂ ਦੀ ਕਦਰ ਕਰਦੇ ਹਾਂ, ਪਰ ਰਾਜਨੀਤਿਕ ਭਾਗੀਦਾਰੀ Tenneco ਵਿਖੇ ਸਾਡੇ ਕੰਮ ਤੋਂ ਵੱਖਰੀ ਰਹਿਣੀ ਚਾਹੀਦੀ ਹੈ ਅਤੇ ਕਾਨੂੰਨ ਅਤੇ Tenneco ਨੀਤੀਆਂ ਦੇ ਅਨੁਕੂਲ ਹੋਣੀ ਚਾਹੀਦੀ ਹੈ।

## ਨੈਤਿਕ ਵਿਵਹਾਰ ਦਾ ਰੇਲ ਮਾਡਲ।

ਰਾਜਨੀਤੀ ਨੂੰ ਨਿੱਜੀ ਰੱਖਣਾ। *ਤੁਹਾਡਾ ਦੋਸਤ ਸਥਾਨਕ ਦਫਤਰ ਲਈ ਉਮੀਦਵਾਰ ਹੈ। ਹਿਮਾਇਤ ਦਰਸਾਉਣ ਲਈ, ਤੁਸੀਂ ਕੰਮ ਤੋਂ ਬਾਅਦ ਵੋਟਾਂ ਮੰਗਣ ਲਈ ਆਪਣੇ ਘਰੇਲੂ ਫੋਨ ਦੀ ਵਰਤੋਂ ਕਰਦੇ ਹੋ। ਠੀਕ ਕਾਲ?* ਵਧੀਆ ਹੈ। ਰਾਜਨੀਤਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਕਦੇ ਵੀ ਕੰਪਨੀ ਦਾ ਸਮਾਂ ਜਾਂ ਸਰੋਤਾਂ, ਜਿਵੇਂ ਫੋਨ, ਦੀ ਵਰਤੋਂ ਨਾ ਕਰੋ। ਘਰ ਪਹੁੰਚਣ ਤੱਕ ਇੰਤਜ਼ਾਰ ਕਰਨਾ ਰਾਜਨੀਤੀ ਨੂੰ ਨਿੱਜੀ ਰੱਖਣ ਦਾ ਇੱਕ ਵਧੀਆ ਤਰੀਕਾ ਹੈ।

## ਸਾਵਧਾਨੀ।

ਆਪਣੇ ਲਈ ਆਵਾਜ਼ ਉਠਾਉਣਾ। *ਤੁਹਾਨੂੰ ਇੱਕ ਸਥਾਨਕ ਨਿਊਜ਼ ਸਟੇਸ਼ਨ ਦੁਆਰਾ ਇੱਕ ਰਾਜਨੀਤਿਕ ਮੁਹਿੰਮ ਵਿੱਚ ਆਪਣੇ ਕੰਮ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ। ਸਟੇਸ਼ਨ ਤੁਹਾਡਾ ਨਾਮ, ਕਿੱਤਾ, ਅਤੇ ਕੰਮ ਦੀ ਜਗ੍ਹਾ ਪ੍ਰਦਾਨ ਕਰਕੇ ਤੁਹਾਡੀ ਜਾਣ-ਪਛਾਣ ਕਰਵਾਉਣਾ ਚਾਹੁੰਦਾ ਹੈ। ਕੀ ਇਹ ਠੀਕ ਹੈ?* ਹੋ ਸਕਦਾ ਹੈ, ਪਰ ਪਹਿਲਾਂ 'ਕਮਿਊਨੀਕੇਸ਼ਨਜ਼ ਟੀਮ' ਨਾਲ ਸੰਪਰਕ ਕਰੋ। ਜੇ ਮਨਜ਼ੂਰੀ ਮਿਲਦੀ ਹੈ, ਤਾਂ ਇਹ ਯਕੀਨੀ ਬਣਾਓ ਕਿ ਤੁਹਾਡੀ ਭਾਗੀਦਾਰੀ ਸਾਡੀਆਂ ਨੀਤੀਆਂ ਦੀ ਪਾਲਣਾ ਕਰਦੀ ਹੈ ਅਤੇ ਇਹ ਸਪੱਸ਼ਟ ਕਰੋ ਕਿ ਤੁਹਾਡੇ ਦੁਆਰਾ ਪ੍ਰਗਟ ਕੀਤੇ ਕੋਈ ਵੀ ਨਜ਼ਰੀਏ ਤੁਹਾਡੇ ਆਪਣੇ ਹਨ।

## ਗਲਤ ਤਰੀਕਾ।

ਸਾਡੇ ਨਾਮ ਦਾ ਇਸਤੇਮਾਲ ਕਰਨਾ। *ਤੁਸੀਂ ਕਿਸੇ ਰਾਜਸੀ ਮਕਸਦ ਵਾਸਤੇ ਪਰਚੇ ਵੰਡਣਾ ਚਾਹੁੰਦੇ ਹੋ ਜਿਸਦੀ ਤੁਸੀਂ ਪਰਵਾਹ ਕਰਦੇ ਹੋ ਅਤੇ ਤੁਸੀਂ ਸੋਚਦੇ ਹੋ ਕਿ ਕੰਪਨੀ ਦੇ ਲੋਗੋ ਦੀ ਵਰਤੋਂ ਕਰਨਾ ਤੁਹਾਨੂੰ ਵਧੇਰੇ ਸਮਰਥਨ ਪ੍ਰਾਪਤ ਕਰਨ ਵਿੱਚ ਸਹਾਇਤਾ ਕਰੇਗਾ। ਨਾਲ ਹੀ, ਤੁਸੀਂ ਜਾਣਦੇ ਹੋ ਕਿ ਤੁਹਾਡਾ ਬੌਸ ਇਸ ਮਕਸਦ ਨੂੰ ਪਸੰਦ ਕਰਦਾ ਹੈ ਅਤੇ ਤੁਹਾਡੇ ਟੀਮ ਕਾਰਜ ਦੀ ਕਦਰ ਕਰੇਗਾ। ਇਹ ਸਭ ਚੰਗੇ ਉਦੇਸ਼ ਲਈ ਹੈ, ਠੀਕ ਹੈ?* ਗਲਤ। ਤੁਸੀਂ ਪਹਿਲਾਂ ਮਨਜ਼ੂਰੀ ਲੈਣ ਤੋਂ ਬਿਨਾਂ, ਕਿਸੇ ਵੀ ਰਾਜਨੀਤਿਕ ਗਤੀਵਿਧੀ ਵਿੱਚ Tenneco ਦੇ ਨਾਮ ਦੀ ਵਰਤੋਂ ਨਹੀਂ ਕਰ ਸਕਦੇ ਹੋ। ਅਸੀਂ Tenneco ਵਿਖੇ ਵਿਚਾਰਾਂ ਦੀ ਵਿਭਿੰਨਤਾ ਦਾ ਜਸ਼ਨ ਮਨਾਉਂਦੇ ਹਾਂ ਅਤੇ ਇਹਨਾਂ ਦੀ ਰੱਖਿਆ ਕਰਦੇ ਹਾਂ। ਅਸੀਂ ਤੁਹਾਡੇ ਕੋਲੋਂ ਵੀ ਇਹ ਉਮੀਦ ਕਰਦੇ ਹਾਂ।

## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਕੋਈ ਪ੍ਰਮੁੱਖ ਯਾਦ ਰੱਖਣਯੋਗ ਗੱਲਾਂ?

ਇਹ ਯਕੀਨੀ ਬਣਾਓ ਕਿ ਰਾਜਨੀਤਿਕ ਗਤੀਵਿਧੀਆਂ ਵਿੱਚ ਤੁਹਾਡੀ ਭਾਗੀਦਾਰੀ ਕਾਨੂੰਨੀ ਹੈ ਅਤੇ Tenneco 'ਤੇ ਉਲਟ ਪ੍ਰਭਾਵ ਨਹੀਂ ਪਾਉਂਦੀ।

## ਗੈਰਾਜ



# ਸਾਡੇ ਉਦਯੋਗ ਵਿੱਚ ਆਵਾਗੌਣ ਕਰਨਾ

ਚਾਹੇ ਅਸੀਂ ਜਿੱਥੇ ਵੀ ਹੋਈਏ, ਅਸੀਂ ਈਮਾਨਦਾਰੀ ਨਾਲ ਹਮੇਸ਼ਾ ਕੰਮ ਕਰਦੇ ਹਾਂ। ਅਸੀਂ ਈਮਾਨਦਾਰੀ ਨਾਲ ਸੌਦੇ ਕਰਦੇ ਹਾਂ। ਅਸੀਂ ਨਿਰਪੱਖ ਪ੍ਰਤੀਯੋਗਤਾ ਕਰਦੇ ਹਾਂ, ਅਤੇ ਅਸੀਂ ਆਪਣੇ ਉਤਪਾਦਾਂ ਅਤੇ ਸੇਵਾਵਾਂ ਦੀ ਗੁਣਵੱਤਾ ਦੇ ਅਧਾਰ 'ਤੇ ਸਫਲ ਹੁੰਦੇ ਹਾਂ। ਇਹ ਹਮੇਸ਼ਾ ਅਸਾਨ ਤਰੀਕਾ ਨਹੀਂ ਹੁੰਦਾ, ਪਰ ਇਹ ਹਮੇਸ਼ਾ ਸਹੀ ਤਰੀਕਾ ਹੁੰਦਾ ਹੈ, ਅਤੇ ਇਹ ਸਾਡੇ ਵਾਸਤੇ ਸਾਡੇ ਗਾਹਕਾਂ, ਸਾਡੇ ਭਾਈਚਾਰਿਆਂ, ਸਾਡੇ ਸਹਿਕਰਮਚਾਰੀਆਂ ਅਤੇ ਸਾਡੇ ਸ਼ੇਅਰ-ਧਾਰਕਾਂ ਦਾ ਭਰੋਸਾ ਜਿੱਤਦਾ ਹੈ।

## ਇਸ ਸੈਕਸ਼ਨ ਵਿੱਚ:

- ਭ੍ਰਿਸ਼ਟਾਚਾਰ ਨਾਲ ਨਜਿੱਠਣਾ
- ਅਪਰਾਧ ਨਾਲ ਲੜਨਾ
- ਸਾਫ਼ਗੋਈ ਨਾਲ ਮੁਕਾਬਲਾ ਕਰਨਾ
- ਹਿੱਤਾਂ ਦੇ ਟਕਰਾਅ ਤੋਂ ਬਚਣਾ
- ਤੋਹਫ਼ਿਆਂ ਦਾ ਵਟਾਂਦਰਾ ਕਰਨਾ, ਮਨੋਰੰਜਨ, ਅਤੇ ਮੇਜ਼ਬਾਨੀ
- ਅੰਤਰਰਾਸ਼ਟਰੀ ਪੱਧਰ 'ਤੇ ਵਪਾਰ ਕਰਨਾ

# ਭ੍ਰਿਸ਼ਟਾਚਾਰ ਨਾਲ ਨਜਿੱਠਣਾ

## ਮੰਜ਼ਿਲ

ਭ੍ਰਿਸ਼ਟਾਚਾਰ ਖਿਲਾਫ਼ ਲੜਾਈ ਜਿੱਤਣਾ।

## ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਭ੍ਰਿਸ਼ਟਾਚਾਰ ਭਾਈਚਾਰਿਆਂ ਨੂੰ ਠੇਸ ਪਹੁੰਚਾਉਂਦਾ ਹੈ। ਜੋ ਲੋਕ ਰਿਸ਼ਵਤ ਲੈਂਦੇ ਹਨ ਨਿੱਜੀ ਲਾਭਾਂ (ਜਿਵੇਂ ਤੋਹਫ਼ੇ, ਯਾਤਰਾ, ਭੋਜਨ ਅਤੇ ਨਕਦੀ) ਨੂੰ ਗੁਣਵੱਤਾ ਵਾਲੇ ਕੰਮ ਤੋਂ ਪਹਿਲਾਂ ਰੱਖਦੇ ਹਨ। ਜੇ ਤੁਸੀਂ ਕਿਸੇ ਕਾਰੋਬਾਰੀ ਫੈਸਲੇ ਨੂੰ ਗਲਤ ਤਰੀਕੇ ਨਾਲ ਪ੍ਰਭਾਵਤ ਕਰਨ ਲਈ ਪੈਸਾ (ਜਾਂ ਕੋਈ ਕੀਮਤੀ ਚੀਜ਼) ਦਿੰਦੇ ਹੋ, ਤਾਂ ਇਹ ਸਾਡੀਆਂ ਮੂਲ ਕਦਰਾਂ-ਕੀਮਤਾਂ ਦੇ ਖਿਲਾਫ ਜਾਂਦਾ ਹੈ - ਭਾਵੇਂ ਤੁਸੀਂ ਇਹ ਕੰਪਨੀ ਦੀ ਮਦਦ ਲਈ ਕਰਦੇ ਹੋ ਨਾ ਕਿ ਆਪਣੇ ਆਪ ਦੀ।

ਰਿਸ਼ਵਤ ਦੇ ਕਾਰਨ ਇੰਸਪੈਕਟਰ ਕਿਸੇ ਖ਼ਤਰਨਾਕ ਪੁਰਜ਼ੇ ਨੂੰ ਨਜ਼ਰਅੰਦਾਜ਼ ਕਰ ਸਕਦਾ ਹੈ ਜਾਂ ਕਿਸੇ ਖਰੀਦਦਾਰ ਨੂੰ ਕਿਸੇ ਅਯੋਗ ਸਪਲਾਇਰ ਕੋਲੋਂ ਖਰੀਦਣ ਲਈ ਰਾਜ਼ੀ ਕਰ ਸਕਦਾ ਹੈ। ਅਸੀਂ ਇਸ ਤਰ੍ਹਾਂ ਕੰਮ ਨਹੀਂ ਕਰਦੇ ਹਾਂ। ਅਸੀਂ ਈਮਾਨਦਾਰੀ ਨਾਲ ਹਮੇਸ਼ਾ ਕੰਮ ਕਰਦੇ ਹਾਂ। ਅਸੀਂ ਕਦੇ ਵੀ ਨਾ ਤਾਂ ਰਿਸ਼ਵਤ ਦਿੰਦੇ ਹਾਂ - ਅਤੇ ਨਾ ਹੀ ਰਿਸ਼ਵਤ ਲੈਂਦੇ ਹਾਂ - ਅਤੇ ਅਸੀਂ ਕਿਸੇ ਵੀ ਅਣਉਚਿਤ ਚੀਜ਼ ਦੀ ਦਿੱਖ ਤੋਂ ਵੀ ਪਰਹੇਜ਼ ਕਰਦੇ ਹਾਂ।

## ਨੈਤਿਕ ਵਿਵਹਾਰ ਦਾ ਰੋਲ ਮਾਡਲ।

**ਹੋਰ ਪਾਰਟੀਆਂ ਨੂੰ ਜਾਣਨਾ।** *ਤੁਸੀਂ ਇੱਕ ਸਪਲਾਇਰ ਦੀ ਚੋਣ ਕਰ ਰਹੇ ਹੋ ਅਤੇ ਸਮਝਦਾਰੀ ਨਾਲ ਚੋਣ ਕਰਨਾ ਚਾਹੁੰਦੇ ਹੋ, ਇਸ ਲਈ ਤੁਸੀਂ ਸਾਡੀਆਂ ਵਿਕਰੇਤਾ ਦੀ ਪੜਤਾਲ ਅਤੇ ਬੋਲੀ ਲਗਾਉਣ ਸੰਬੰਧੀ ਪ੍ਰਕਿਰਿਆਵਾਂ ਦੀ ਪਾਲਣਾ ਕਰਦੇ ਹੋ, ਕਾਰੋਬਾਰਾਂ ਦੇ ਪੰਜੀਕਰਨਾਂ ਅਤੇ ਜਨਤਕ ਦਸਤਾਵੇਜ਼ਾਂ ਦੀ ਜਾਂਚ ਕਰਦੇ ਹੋ, ਵਪਾਰਕ ਮਨਜ਼ੂਰੀਆਂ ਦੀ ਪੁਸ਼ਟੀ ਕਰਦੇ ਹੋ, ਪਿਛਲੇ ਗਾਹਕਾਂ ਨਾਲ ਗੱਲ ਕਰਦੇ ਹੋ, ਨਮੂਨਿਆਂ ਬਾਰੇ ਪੁੱਛਦੇ ਹੋ, ਅਤੇ ਸੋਚ-ਸਮਝ ਕੇ ਫੈਸਲਾ ਕਰਨ ਲਈ ਇੰਟਰਨੈੱਟ 'ਤੇ ਖੋਜ ਵੀ ਕਰਦੇ ਹੋ। ਚੰਗੇ ਕਦਮ?* ਬਿਲਕੁਲ। ਅਸੀਂ ਉਹਨਾਂ ਸਪਲਾਇਰਾਂ ਨਾਲ ਕੰਮ ਕਰਨਾ ਚਾਹੁੰਦੇ ਹਾਂ ਜੋ ਈਮਾਨਦਾਰੀ ਦੀ ਕਦਰ ਕਰਦੇ ਹਨ, ਅਤੇ ਅਸੀਂ ਆਪਣੇ ਸਪਲਾਇਰ ਦੇ ਇਤਿਹਾਸ ਅਤੇ ਸ਼ਾਖ ਦੀ ਜਾਂਚ ਕਰਦੇ ਹਾਂ। ਅਸੀਂ ਇਸ ਨੂੰ "ਬਣਦਾ ਉੱਦਮ" ਕਹਿੰਦੇ ਹਾਂ। ਇਹ ਯਕੀਨੀ ਬਣਾਓ ਕਿ ਉਹ ਇਸ ਗੱਲ ਨੂੰ ਸਮਝਦੇ ਹਨ ਕਿ ਉਹ ਤੁਹਾਨੂੰ ਰਿਸ਼ਵਤ ਦੀ ਪੇਸ਼ਕਸ਼ ਨਹੀਂ ਕਰ ਸਕਦੇ ਜਾਂ ਦੇ ਨਹੀਂ ਸਕਦੇ। ਇਕਰਾਰਨਾਮੇ 'ਤੇ ਦਸਤਖਤ ਹੋਣ ਤੋਂ ਬਾਅਦ ਚੇਤਾਵਨੀ ਦੇ ਸੰਕੇਤਾਂ ਲਈ ਵੀ ਦੇਖੋ।

**ਸਹੀ ਰਿਕਾਰਡ ਰੱਖਣਾ।** *ਤੁਸੀਂ ਖਰਚ ਦੀ ਰਿਪੋਰਟ ਦੀ ਸਮੀਖਿਆ ਕਰ ਰਹੇ ਹੋ ਅਤੇ ਦੇਖਦੇ ਹੋ ਕਿ ਹਰੇਕ ਲੈਣ-ਦੇਣ ਦਾ ਵੇਰਵਾ ਦਿੱਤਾ ਗਿਆ ਹੈ… ਸਿਰਫ਼ ਇੱਕ ਨੂੰ ਛੱਡ ਕੇ। ਇਹ ਸ਼ੱਕੀ ਜਾਪਦਾ ਹੈ, ਇਸ ਲਈ ਤੁਸੀਂ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹੋ।* ਵਧੀਆ ਕੰਮ। ਇਹ ਇੱਕ ਈਮਾਨਦਾਰ ਗ਼ਲਤੀ ਹੋ ਸਕਦੀ ਹੈ, ਜਾਂ ਹੋ ਸਕਦਾ ਹੈ ਕਿ ਕੋਈ ਕਿਸੇ ਚੀਜ਼ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਭ ਤੋਂ ਵਧੀਆ ਰਸਤਾ ਹੈ ਵਧੇਰੇ ਜਾਣਕਾਰੀ ਹਾਸਲ ਕਰਨਾ। ਤੁਸੀਂ ਅਜਿਹੀ ਕਿਸੇ ਚੀਜ਼ ਨੂੰ ਮਨਜ਼ੂਰ ਨਹੀਂ ਕਰਨਾ ਚਾਹੁੰਦੇ ਜੋ ਰਿਸ਼ਵਤ ਹੋ ਸਕਦੀ ਹੈ।

> ਅਸੀਂ ਰਿਸ਼ਵਤਾਂ ਨਾ ਦੇ ਕੇ ਭ੍ਰਿਸ਼ਟਾਚਾਰ ਖਿਲਾਫ ਲੜਦੇ ਹਾਂ … ਇਹ ਸਾਡੇ ਭਾਈਚਾਰਿਆਂ ਨੂੰ ਬਿਹਤਰ ਬਣਾਉਣ ਵਿੱਚ ਸਹਾਇਤਾ ਕਰਦਾ ਹੈ।

## ਸਾਵਧਾਨੀ।

**ਸੱਦੇ ਸਵੀਕਾਰ ਕਰਨਾ।** *ਇੱਕ ਨਵਾਂ ਗਾਹਕ ਤੁਹਾਨੂੰ ਲੰਚ ਦੀ ਦਾਅਵਤ ਦੇਣੀ ਚਾਹੁੰਦਾ ਹੈ। ਕੀ ਤੁਹਾਨੂੰ ਸਵੀਕਾਰ ਕਰਨਾ ਚਾਹੀਦਾ ਹੈ?* ਕਿਸੇ ਨਵੇਂ ਗਾਹਕ ਨਾਲ ਇੱਕ ਸਸਤੇ ਦੁਪਹਿਰ ਦੇ ਖਾਣੇ ਦੀ ਪੇਸ਼ਕਸ਼ ਨੂੰ ਸਵੀਕਾਰ ਕਰਨਾ ਸੰਭਵ ਤੌਰ 'ਤੇ ਠੀਕ ਹੈ ਜੇ ਇਹ ਸਾਡੀ ਨੀਤੀ ਦੀਆਂ ਸੀਮਾਵਾਂ ਦੇ ਅੰਦਰ ਆਉਂਦਾ ਹੈ। ਵਧੀਆ ਚੋਣ ਇਹ ਹੈ ਕਿ ਤੁਸੀਂ ਆਪਣੇ ਲੰਚ ਦਾ ਭੁਗਤਾਨ ਕਰੋ ਅਤੇ ਇਸਦਾ ਖਰਚ ਆਪ ਉਠਾਓ। ਇਸ ਤਰੀਕੇ ਨਾਲ, ਤੁਸੀਂ ਇਸ ਧਾਰਨਾ ਤੋਂ ਬਚਦੇ ਹੋ ਕਿ ਤੁਸੀਂ ਪ੍ਰਭਾਵਿਤ ਹੋਣ ਲਈ ਖੁੱਲ੍ਹੇ ਹੋ।

**ਸਰਕਾਰੀ ਕਰਮਚਾਰੀਆਂ ਨੂੰ ਦੇਣਾ।** *ਤੁਸੀਂ ਹਾਲ ਹੀ ਵਿੱਚ ਇੱਕ ਉਸਾਰੀ ਪਰਮਿਟ ਦੀ ਅਰਜ਼ੀ ਭਰੀ ਸੀ। ਸੰਬੰਧਿਤ ਸਰਕਾਰੀ ਏਜੰਸੀ ਛੁੱਟੀਆਂ ਦੇ ਮੌਸਮ ਵਿੱਚ ਇਸਦਾ ਮੁਲਾਂਕਣ ਕਰੇਗੀ - ਜਿਸ ਦੌਰਾਨ ਤੁਸੀਂ ਆਪਣੇ ਸਾਰੇ ਸੰਪਰਕਾਂ ਨੂੰ ਫਲਾਂ ਦੀਆਂ ਟੋਕਰੀਆਂ ਦੇਣ ਦੀ ਯੋਜਨਾ ਬਣਾਉਂਦੇ ਹੋ। ਬਿਲਕੁਲ ਸਹੀ ਸਮਾਂ, ਠੀਕ ਹੈ?* ਗਲਤ। ਸਰਕਾਰੀ ਅਧਿਕਾਰੀਆਂ, ਅਤੇ ਇੱਥੋਂ ਤੱਕ ਕਿ ਉਹਨਾਂ ਦੇ ਰਿਸ਼ਤੇਦਾਰਾਂ ਨੂੰ ਅਸੀਂ ਕੀ ਦੇ ਸਕਦੇ ਹਾਂ ਜਾਂ ਪੇਸ਼ਕਸ਼ ਕਰ ਸਕਦੇ ਹਾਂ, ਬਾਰੇ ਨਿਯਮ ਬਹੁਤ ਸਖਤ ਹਨ। ਕਿਸੇ ਵੀ ਮੁੱਲਵਾਨ ਚੀਜ਼ ਦੀ ਪੇਸ਼ਕਸ਼ ਕਰਨ ਤੋਂ ਪਹਿਲਾਂ, ਸਾਡੀ ਨੀਤੀ ਦੀ ਜਾਂਚ ਕਰੋ ਅਤੇ ਪ੍ਰਵਾਨਗੀ ਲਓ। ਹਾਲਾਂਕਿ ਅਜਿਹਾ ਕੋਈ ਇਰਾਦਾ ਨਹੀਂ ਹੈ, ਤੁਹਾਡਾ ਤੋਹਫ਼ਾ ਰਿਸ਼ਵਤ ਦੀ ਤਰ੍ਹਾਂ ਜਾਪ ਸਕਦਾ ਹੈ।

## ਗਲਤ ਤਰੀਕਾ।

ਰਿਸ਼ਵਤਾਂ ਦੀ ਪਛਾਣ ਨਾ ਕਰਨਾ। *ਤੁਹਾਡਾ ਸਪਲਾਇਰ ਇਹ ਕਹਿਣ ਲਈ ਕਾਲ ਕਰਦਾ ਹੈ ਕਿ ਕੁਝ ਕੰਟੇਨਰ ਕਸਟਮਜ਼ ਕੋਲ ਫਸੇ ਹੋਏ ਹਨ। ਉਹ ਥੋੜ੍ਹੀ ਜਿਹੀ ਨਕਦ ਫੀਸ ਦਾ ਭੁਗਤਾਨ ਕਰਨ ਦੀ ਸਿਫਾਰਸ਼ ਕਰਦਾ ਹੈ ਤਾਂ ਜੋ ਤੁਸੀਂ ਜਾਂਚ ਨੂੰ ਬਾਈਪਾਸ ਕਰ ਸਕੋ। ਇਹ ਆਮ ਹੈ ਅਤੇ ਹਰ ਕੋਈ ਇਸ ਨੂੰ ਕਰਦਾ ਹੈ। ਤੁਸੀਂ ਟੀਮ ਦੀ ਮੀਟਿੰਗ ਬੁਲਾਉਂਦੇ ਹੋ ਅਤੇ ਹਰ ਕੋਈ ਅੱਗੇ ਵਧਣ ਲਈ ਸਹਿਮਤ ਹੈ। ਤੁਸੀਂ ਭੁਗਤਾਨ ਨੂੰ ਅਧਿਕਾਰਿਤ ਕਰਦੇ ਹੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਦਾਇਗੀ ਵਿੱਚ ਦੇਰੀ ਨਾ ਹੋਵੇ। ਸਮਾਂ ਬਚਾਉਣਾ ਹਮੇਸ਼ਾ ਚੰਗਾ ਹੁੰਦਾ ਹੈ, ਠੀਕ ਹੈ?* ਇਸ ਕੇਸ ਵਿੱਚ ਨਹੀਂ। ਇਹ ਫੀਸ ਨਾਲ ਸ਼ਾਇਦ ਕੰਟੇਨਰ ਕਸਟਮਜ਼ ਤੋਂ ਤੇਜ਼ੀ ਨਾਲ ਪ੍ਰਾਪਤ ਹੋ ਸਕਦੇ ਹਨ, ਪਰ ਇਹ ਸਾਡੇ ਕਾਰੋਬਾਰ ਦਾ ਸਹੀ ਤਰੀਕਾ ਨਹੀਂ ਹੈ। ਨਕਦੀ ਲਈ ਬੇਨਤੀ ਪਹਿਲਾ ਸੁਰਾਗ ਸੀ ਕਿ ਸ਼ਾਇਦ ਇਹ ਰਿਸ਼ਵਤ ਹੋ ਸਕਦੀ ਹੈ। ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਇੱਕ ਅਧਿਕਾਰਿਤ ਫੀਸ ਜਾਂ ਮਨਜ਼ੂਰੀ ਦੀ ਜ਼ਰੂਰਤ ਹੁੰਦੀ ਹੈ। ਅਗਲੇ ਕਦਮਾਂ ਬਾਰੇ ਵਿਚਾਰ ਕਰਨ ਲਈ ਕਾਨੂੰਨ ਵਿਭਾਗ ਨਾਲ ਸੰਪਰਕ ਕਰੋ।




## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਕੀ ਤੁਸੀਂ ਨਹੀਂ ਦੱਸ ਸਕਦੇ ਕਿ ਇਹ ਰਿਸ਼ਵਤ ਹੈ ਜਾਂ ਨਹੀਂ?

ਬੱਸ ਯਾਦ ਰੱਖੋ ਕਿ ਰਿਸ਼ਵਤ ਲਗਭਗ ਕੋਈ ਵੀ ਮੁੱਲਵਾਨ ਚੀਜ਼ ਹੋ ਸਕਦੀ ਹੈ, ਜਿਸ ਨੂੰ ਕਿਸੇ ਕਾਰੋਬਾਰੀ ਫੈਸਲੇ ਨੂੰ ਪ੍ਰਭਾਵਿਤ ਕਰਨ ਲਈ ਦਿੱਤਾ ਜਾਂਦਾ ਹੈ। ਉਦਾਹਰਨਾਂ ਵਿੱਚ ਸ਼ਾਮਲ ਹਨ:

- **ਵਿਸ਼ੇਸ਼ ਛੋਟ**
- **ਕਿਸੇ ਖੇਡ ਸਮਾਗਮ ਦੀਆਂ ਟਿਕਟਾਂ**
- **ਇੱਕ ਮਹਿੰਗੇ ਰੈਸਟੋਰੈਂਟ ਵਿਖੇ ਡਿਨਰ**
- **ਨੌਕਰੀ ਦੀ ਪੇਸ਼ਕਸ਼ ਜਾਂ ਇੰਟਰਨਸ਼ਿਪ**
- **ਨਕਦੀ ਵਰਗਾ ਕੁਝ (ਜਿਵੇਂ ਕਿ ਇੱਕ ਤੋਹਫ਼ਾ ਕਾਰਡ ਜਾਂ ਕਰਜ਼ਾ)**
- **ਕਿਸੇ ਚੈਰਿਟੀ ਨੂੰ ਦਾਨ**

ਆਪਣੇ ਆਪ ਨੂੰ ਪੁੱਛੋ: ਕੀ ਕੋਈ ਪਸੰਦੀਦਾ ਕਾਰੋਬਾਰੀ ਫੈਸਲੇ ਦੇ ਬਦਲੇ ਇਸ ਦੀ ਪੇਸ਼ਕਸ਼ ਜਾਂ ਬੇਨਤੀ ਕਰ ਰਿਹਾ ਹੈ? ਜੇ ਜਵਾਬ "ਹਾਂ" ਹੈ, ਤਾਂ ਤੁਹਾਡਾ ਜਵਾਬ "ਨਹੀਂ, ਧੰਨਵਾਦ" ਹੋਣਾ ਚਾਹੀਦਾ ਹੈ।

## ਗੈਰਾਜ

# ਅਪਰਾਧ ਨਾਲ ਲੜਨਾ

### ਮੰਜ਼ਿਲ

ਅਪਰਾਧ ਨਾਲ ਲੜਦੇ ਹੋਏ, ਆਪਣੀ ਕੰਪਨੀ, ਆਰਥਿਕਤਾਵਾਂ ਅਤੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣਾ।

### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਅਸੀਂ ਕਾਲੇ ਧਨ ਨੂੰ ਸਫੈਦ ਵਿੱਚ ਬਦਲਣ ਨੂੰ ਰੋਕ ਕੇ ਜੁਰਮ ਨਾਲ ਲੜਦੇ ਹਾਂ, ਜੋ ਉਦੋਂ ਵਾਪਰਦਾ ਹੈ ਜਦੋਂ ਅਪਰਾਧੀ ਗੈਰਕਾਨੂੰਨੀ ਗਤੀਵਿਧੀਆਂ ਤੋਂ ਬਣਾਏ ਧਨ ਨੂੰ ਕਾਨੂੰਨੀ ਕਾਰੋਬਾਰ (ਜਿਵੇਂ ਸਾਡੇ ਵਰਗੇ) ਵਿੱਚੋਂ ਗੁਜ਼ਾਰਦੇ ਹਨ। ਉਹਨਾਂ ਦਾ ਟੀਚਾ ਉਹਨਾਂ ਦੇ ਪੈਸੇ ਦੇ ਮੂਲ ਸਰੋਤ ਨੂੰ ਲੁਕਾਉਣਾ ਹੈ ਤਾਂ ਕਿ ਉਹ ਸਜ਼ਾ ਤੋਂ ਬਚ ਸਕਣ ਅਤੇ ਆਪਣੇ ਮਾੜੇ ਵਿਵਹਾਰ ਨੂੰ ਜਾਰੀ ਰੱਖ ਸਕਣ।

ਅਸੀਂ ਚੰਗੇ ਫੈਸਲੇ ਦੀ ਵਰਤੋਂ ਕਰਕੇ, ਆਪਣੇ ਗਾਹਕਾਂ ਨੂੰ ਜਾਣਨ ਦੁਆਰਾ, ਅਤੇ ਸਪਲਾਇਰਾਂ ਨਾਲ ਕੰਮ ਕਰਨ ਵੇਲੇ ਧਿਆਨ ਨਾਲ ਨਜ਼ਦੀਕੀ ਧਿਆਨ ਦੇ ਕੇ ਜੁਰਮ ਨਾਲ ਲੜਦੇ ਹਾਂ – ਖ਼ਾਸ ਕਰਕੇ ਜੇ ਕਿਸੇ ਲੈਣ-ਦੇਣ ਵਿੱਚ ਨਕਦੀ ਸ਼ਾਮਲ ਹੁੰਦੀ ਹੈ। ਸੁਚੇਤ ਰਹਿ ਕੇ ਅਤੇ ਸ਼ੱਕ ਹੋਣ ’ਤੇ ਆਵਾਜ਼ ਉਠਾਉਣ ਦੁਆਰਾ, ਅਸੀਂ ਕਾਲੇ ਧਨ ਨੂੰ ਸਫੈਦ ਵਿੱਚ ਬਦਲਣ ਨੂੰ ਰੋਕਣ ਵਿੱਚ ਮਦਦ ਕਰਦੇ ਹਾਂ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਸੁਰੱਖਿਅਤ ਰੱਖਦੇ ਹਾਂ।

## ਨੈਤਿਕ ਵਿਵਹਾਰ ਦਾ ਰੇਲ ਮਾਡਲ।

**ਸੰਕੇਤਾਂ ਨੂੰ ਜਾਣਨਾ।** *ਤੁਹਾਡੇ ਗਾਹਕਾਂ ਵਿੱਚੋਂ ਇੱਕ ਨੇ ਕਾਫ਼ੀ ਜ਼ਿਆਦਾ ਅਦਾਇਗੀ ਕੀਤੀ ਹੈ। ਉਹ ਪਹਿਲਾਂ ਵੀ ਕਈ ਵਾਰ ਅਜਿਹਾ ਕਰ ਚੁੱਕੇ ਹਨ। ਜਦੋਂ ਤੁਸੀਂ ਉਹਨਾਂ ਨੂੰ ਇਸ ਬਾਰੇ ਪੁੱਛਦੇ ਹੋ, ਤਾਂ ਉਹ ਤੁਹਾਨੂੰ ਦੱਸਦੇ ਹਨ ਕਿ ਪੈਸੇ ਉਹਨਾਂ ਦੇ ਅਗਲੇ ਆਰਡਰ ’ਤੇ ਕ੍ਰੈਡਿਟ ਕਰੋ। ਤੁਸੀਂ ਅਸਹਿਜ ਮਹਿਸੂਸ ਕਰਦੇ ਹੋ, ਇਸ ਲਈ ਤੁਸੀਂ ਇਸ ਦੀ ਰਿਪੋਰਟ ਆਪਣੇ ਮੈਨੇਜਰ ਨੂੰ ਕਰਦੇ ਹੋ। ਸਹੀ ਚੋਣ?* ਬਿਲਕੁਲ। ਇਹ ਇੱਕ ਈਮਾਨਦਾਰ ਗਲਤੀ ਹੋ ਸਕਦੀ ਹੈ, ਪਰ ਇਸ ਨਾਲ ਸੁਰੱਖਿਅਤ ਤਰੀਕੇ ਨਾਲ ਨਿਪਟਣਾ ਵਧੀਆ ਹੈ। ਜ਼ਿਆਦਾ ਭੁਗਤਾਨ ਕਰਨਾ ਕਾਲੇ ਧਨ ਨੂੰ ਸਫੈਦ ਵਿੱਚ ਬਦਲਣ ਦਾ ਸੰਕੇਤ ਹੋ ਸਕਦਾ ਹੈ। ਤੁਸੀਂ ਸਲਾਹ ਲੈ ਕੇ ਸਹੀ ਕੰਮ ਕੀਤਾ।

## ਸਾਵਧਾਨੀ।

**ਅਸੀਂ ਉਹ ਕਰਦੇ ਹਾਂ ਜੋ ਸਹੀ ਹੁੰਦਾ ਹੈ ਅਤੇ ਅਸੀਂ ਜਵਾਬਦੇਹ ਹਾਂ।**

**ਪ੍ਰਸ਼ਨ ਪੁੱਛਣਾ।** *ਜਿਸ ਗਾਹਕ ਨੂੰ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਉਸ ਦੀ ਕੁਝ ਖਰਾਬ ਉਤਪਾਦਾਂ ਨੂੰ ਖਰੀਦਣ ਵਿੱਚ ਦਿਲਚਸਪੀ ਹੈ। ਜਾਰੀ ਰੱਖਣਾ ਠੀਕ ਹੈ?* ਸ਼ਾਇਦ, ਪਰ ਆਪਣੇ ਗਾਹਕ ਨੂੰ ਅਤੇ ਇਹ ਜਾਣਨਾ ਮਹੱਤਵਪੂਰਨ ਹੈ ਕਿ ਉਹ ਸਾਡੇ ਉਤਪਾਦਾਂ ਦੀ ਵਰਤੋਂ ਕਿਵੇਂ ਕਰਦੇ ਹਨ। ਕੁਝ ਕੰਪਨੀਆਂ ਨੁਕਸਦਾਰ ਉਤਪਾਦਾਂ ਨੂੰ ਕਬਾੜ ਦੇ ਤੌਰ ’ਤੇ ਖਰੀਦ ਦੀਆਂ ਹਨ ਅਤੇ ਫਿਰ ਇਹ ਜਾਣਦੇ ਹੋਏ ਵੀ ਕਿ ਇਹ ਨੁਕਸ ਉਤਪਾਦਾਂ ਨੂੰ ਗੈਰਕਾਨੂੰਨੀ ਬਣਾਉਂਦੇ ਹਨ, ਇਹਨਾਂ ਨੂੰ ਬਾਜ਼ਾਰ ਵਿੱਚ ਦੁਬਾਰਾ ਭੇਜ ਦਿੰਦੀਆਂ ਹਨ। ਸਾਡੇ ਉਤਪਾਦਾਂ ਦੀ ਦੁਰਵਰਤੋਂ ਅਤੇ ਅਪਰਾਧਕ ਗਤੀਵਿਧੀਆਂ ਦੀਆਂ ਹੋਰ ਕਿਸਮਾਂ ਤੋਂ ਬਚਣ ਲਈ, ਆਪਣੇ ਆਪ ਨੂੰ ਪੁੱਛੋ ਕਿ ਕੀ ਦੂਜੀ ਪਾਰਟੀ:

- ਨਕਦ ਵਿੱਚ ਭੁਗਤਾਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ
- ਇਨਵੌਇਸ ’ਤੇ ਦਿਖਾਈ ਗਈ ਕਰੰਸੀ ਨਾਲੋਂ ਵੱਖਰੀ ਕਰੰਸੀ ਵਿੱਚ ਭੁਗਤਾਨ ਕਰ ਰਹੀ ਹੈ
- ਭੁਗਤਾਨ ਦੇ ਮੂਲ ਸਰੋਤ ਨੂੰ ਛੱਡਕੇ, ਕਿਸੇ ਹੋਰ ਦੇਸ਼ ਵਿੱਚ ਮਾਲ ਭੇਜਣ ਦੀ ਬੇਨਤੀ ਕਰ ਰਹੀ ਹੈ
- ਰਿਕਾਰਡ ਰੱਖਣ ਦੀਆਂ ਜ਼ਰੂਰਤਾਂ ਤੋਂ ਬਚਣ ਦੀ ਕੋਸ਼ਿਸ਼ ਕਰ ਰਹੀ ਹੈ
- ਕਿਸੇ ਹੋਰ ਤੋਂ ਭੁਗਤਾਨ ਕਰਵਾ ਰਹੀ ਹੈ ਜੋ ਕਿ ਲੈਣ-ਦੇਣ ਵਿੱਚ ਕੋਈ ਪਾਰਟੀ ਨਹੀਂ ਹੈ
- ਆਪਣੇ ਲੈਣ-ਦੇਣ ਦੀ ਵੰਨਗੀ ਨੂੰ ਭਾਰੀ ਰੱਦੋ-ਬਦਲ ਕਰਕੇ ਬਦਲ ਰਹੀ ਹੈ

ਜੇ ਤੁਸੀਂ ਇਹਨਾਂ ਵਿੱਚੋਂ ਕਿਸੇ ਵੀ ਪ੍ਰਸ਼ਨ ਦਾ “ਹਾਂ” ਵਿੱਚ ਜਵਾਬ ਦਿੰਦੇ ਹੋ, ਤਾਂ ਕਿਸੇ ਮੈਨੇਜਰ ਨਾਲ ਗੱਲ ਕਰੋ, ਜਾਂ ਟ੍ਰੇਡ ਕੰਪਲਾਇੰਸ ਡਿਪਾਰਟਮੈਂਟ ਨਾਲ ਗੱਲ ਕਰੋ। ਇਹ ਸਾਰੇ ਸੰਭਾਵਤ ਕਾਲੇ ਧਨ ਨੂੰ ਸਫੈਦ ਵਿੱਚ ਬਦਲਣ ਦੇ ਸੰਕੇਤ ਹਨ, ਅਤੇ ਸਾਨੂੰ ਇਹਨਾਂ ਬਾਰੇ ਜਾਣਨ ਦੀ ਲੋੜ ਹੈ।

## ਗਲਤ ਤਰੀਕਾ।

ਚੁੱਪ ਰਹਿਣਾ। *ਇੱਕ ਤੀਜੀ ਪਾਰਟੀ ਕਿਸੇ ਵਿਤਰਕ ਲਈ ਭੁਗਤਾਨ ਕਰਦੀ ਹੈ ਜੋ ਪਰੇਸ਼ਾਨੀ ਵਿੱਚ ਹੈ। ਤੁਸੀਂ ਘਾਟਾ ਨਹੀਂ ਲੈਣਾ ਚਾਹੁੰਦੇ, ਇਸ ਲਈ ਤੁਸੀਂ ਭੁਗਤਾਨ ਸਵੀਕਾਰ ਕਰ ਲੈਂਦੇ ਹੋ। ਕੀ ਤੁਹਾਨੂੰ ਚਿੰਤਤ ਹੋਣਾ ਚਾਹੀਦਾ ਹੈ?* ਹਾਂ। ਕਿਸੇ ਗੈਰ-ਸੰਬੰਧਿਤ ਪਾਰਟੀ ਦਾ ਭੁਗਤਾਨ ਕਰਨਾ ਸ਼ੱਕੀ ਜਾਪਦਾ ਹੈ। ਵੇਰਵਿਆਂ ਲਈ ਵਿਤਰਕ ਨਾਲ ਸੰਪਰਕ ਕਰੋ। ਜੇ ਤੁਹਾਨੂੰ ਅਜੇ ਵੀ ਚਿੰਤਾਵਾਂ ਹਨ, ਤਾਂ ਇਸ ਦੀ ਰਿਪੋਰਟ ਕਰੋ। ਤੁਹਾਨੂੰ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਹੈ ਕਿ ਅਸੀਂ ਇਸ ਕੰਪਨੀ ਨਾਲ ਕਾਰੋਬਾਰ ਕਰ ਸਕਦੇ ਹਾਂ ਅਤੇ ਉਹ ਸਾਡੀ 'ਈਮਾਨਦਾਰੀ ਨਾਲ ਕੰਮ ਕਰਨ ਦੀ ਪ੍ਰਤੀਬੱਧਤਾ' ਦੇ ਮੁੱਲ ਦੇ ਨਾਲ ਜੁੜੇ ਹੋਏ ਹਨ।

## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਕੁਝ ਹੋਰ ਜਾਣਨ ਦੀ ਲੋੜ ਹੈ?

ਹਾਂ, ਹਮੇਸ਼ਾਂ ਨਾਮਵਰ ਸਪਲਾਇਰ ਅਤੇ ਹੋਰ ਪਾਰਟੀਆਂ ਦੀ ਚੋਣ ਕਰੋ, ਬੈਂਕ ਖਾਤੇ ਦੀ ਮਲਕੀਅਤ ਨੂੰ ਪ੍ਰਮਾਣਿਤ ਕਰੋ, ਅਤੇ ਜੇ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਪੁੱਛੋ।

## ਗੈਰਾਜ



# ਸਾਫ਼ਗੋਈ ਨਾਲ ਮੁਕਾਬਲਾ ਕਰਨਾ

## ਮੰਜ਼ਿਲ

ਸਾਡੇ ਆਪਣੇ ਗੁਣਾਂ ਦੇ ਆਧਾਰ 'ਤੇ ਜਿੱਤਣਾ ਅਤੇ ਸਾਫ਼ਗੋਈ ਨਾਲ ਜਿੱਤਣਾ।

## ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਸਾਡਾ ਮੰਨਣਾ ਹੈ ਕਿ ਸੁਤੰਤਰ ਅਤੇ ਜਾਇਜ਼ ਮੁਕਾਬਲੇ ਨਾਲ ਇੱਕ ਫਲਦਾ-ਫੁੱਲਦਾ ਬਾਜ਼ਾਰ ਬਣਦਾ ਹੈ। ਇਹ ਸਾਡੇ ਉਦਯੋਗ ਦੇ ਅੰਦਰ ਉੱਨਤੀਆਂ ਨੂੰ ਵੀ ਜਨਮ ਦਿੰਦਾ ਹੈ - ਜਿਵੇਂ ਕਿ ਕਾਢਕਾਰੀ ਉਤਪਾਦ ਅਤੇ ਸੇਵਾਵਾਂ ਅਤੇ ਕਾਰੋਬਾਰ ਕਰਨ ਦੇ ਨਵੇਂ ਤਰੀਕੇ, ਜੋ ਸਾਡੇ ਗਾਹਕਾਂ ਨੂੰ ਖੁਸ਼ ਕਰਦੇ ਹਨ।

ਤਾਂ, ਜਦੋਂ ਅਸੀਂ ਜਾਇਜ਼ ਮੁਕਾਬਲਾ ਕਹਿੰਦੇ ਹਾਂ ਤਾਂ ਇਸ ਤੋਂ ਸਾਡਾ ਕੀ ਅਰਥ ਹੁੰਦਾ ਹੈ? ਸਾਡੇ ਲਈ, ਇਹ ਸਭ ਈਮਾਨਦਾਰੀ ਅਤੇ ਨੈਤਿਕਤਾ ਨਾਲ ਕੰਮ ਕਰਨਾ ਹੈ। ਅਸੀਂ ਅੱਗੇ ਵਧਣ ਲਈ ਅਨੈਤਿਕ ਕਾਰੋਬਾਰੀ ਤਰੀਕਿਆਂ (ਜਿਵੇਂ ਆਪਣੇ ਮੁਕਾਬਲੇਬਾਜ਼ਾਂ ਬਾਰੇ ਝੂਠ ਬੋਲਣਾ ਜਾਂ ਨਵੀਂ ਕੰਪਨੀਆਂ ਨੂੰ ਮਾਰਕੀਟ ਤੋਂ ਬਾਹਰ ਕਰਨ ਦੀ ਕੋਸ਼ਿਸ਼ ਕਰਨਾ) ਨੂੰ ਨਹੀਂ ਅਪਣਾਉਂਦੇ। ਇਸ ਦੀ ਬਜਾਏ, ਅਸੀਂ ਆਪਣੇ ਉਤਪਾਦਾਂ ਅਤੇ ਸੇਵਾਵਾਂ ਦੀ ਗੁਣਵੱਤਾ ਨੂੰ ਸਾਡੀ ਸਫਲਤਾ ਅੱਗੇ ਵਧਾਉਣ ਦਿੰਦੇ ਹਾਂ - ਕੁਝ ਵੀ ਜ਼ਿਆਦਾ ਅਤੇ ਕੁਝ ਵੀ ਘੱਟ ਨਹੀਂ। ਅਤੇ ਅਸੀਂ ਨਜਾਇਜ਼ ਮੁਕਾਬਲੇਬਾਜ਼ੀ ਪ੍ਰਥਾਵਾਂ ਦੀ ਦਿੱਖ ਤੋਂ ਵੀ ਪਰਹੇਜ਼ ਕਰਦੇ ਹਾਂ।

> **ਸਾਡਾ ਮੰਨਣਾ ਹੈ ਕਿ ਨਿਰਪੱਖ ਮੁਕਾਬਲਾ ਸਾਡੇ ਕਾਰੋਬਾਰ ਦੀ ਸਫਲਤਾ ਦੀ ਬੁਨਿਆਦ ਹੈ।**

## ਨੈਤਿਕ ਵਿਵਹਾਰ ਦਾ ਰੇਲ ਮਾਡਲ।

**ਗਲਤ ਸਮਝੌਤਿਆਂ ਤੋਂ ਪਰਹੇਜ਼ ਕਰਨਾ।** *ਇੱਕ ਮੁਕਾਬਲੇਬਾਜ਼ ਵਿਕਰੀਆਂ ਵਿੱਚ ਆਈ ਗਿਰਾਵਟ ਬਾਰੇ ਤੁਹਾਨੂੰ ਸ਼ਿਕਾਇਤ ਕਰਦਾ ਹੈ ਅਤੇ ਸੁਝਾਅ ਦਿੰਦਾ ਹੈ ਕਿ ਤੁਸੀਂ ਦੋਵੇਂ ਆਪਣੀਆਂ ਕੀਮਤਾਂ ਵਧਾ ਦੇਵੋਂ। ਤੁਸੀਂ ਜਾਣਦੇ ਹੋ ਇਹ ਗਲਤ ਹੈ, ਇਸ ਲਈ ਤੁਸੀਂ ਉਹਨਾਂ ਨੂੰ ਚੁੱਪ ਕਰਾ ਦਿੰਦੇ ਹੋ ਅਤੇ ਤੁਰੰਤ ਇਸ ਗੱਲਬਾਤ ਦੀ ਰਿਪੋਰਟ ਕਰਦੇ ਹੋ। ਸਮਝਦਾਰੀ ਵਾਲੀ ਚਾਲ?* ਬਹੁਤ ਸਮਝਦਾਰੀ ਵਾਲੀ। ਅਸੀਂ ਸਹੀ ਢੰਗ ਨਾਲ ਜਿੱਤਦੇ ਹਾਂ – ਸੱਚਾਈ, ਨੈਤਿਕਤਾ ਅਤੇ ਹਮੇਸ਼ਾ ਇਮਾਨਦਾਰੀ ਨਾਲ। ਇਸਦਾ ਅਰਥ ਹੈ ਕਿ ਅਸੀਂ ਕਦੇ ਵੀ ਕਿਸੇ ਵੀ ਗਲਤ ਸਮਝੌਤਿਆਂ ਵਿੱਚ ਨਾ ਪੈ ਕੇ ਸੁਤੰਤਰ ਬਾਜ਼ਾਰ ਦਾ ਆਦਰ ਕਰਦੇ ਹਾਂ। ਇਹ ਸਪੱਸ਼ਟ ਕਰੋ ਕਿ ਤੁਸੀਂ ਇਸ ਵਿਸ਼ੇ 'ਤੇ ਚਰਚਾ ਨਹੀਂ ਕਰਨਾ ਚਾਹੁੰਦੇ ਹੋ, ਗੱਲਬਾਤ ਨੂੰ ਖਤਮ ਕਰੋ, ਅਤੇ ਫੇਰ ਤੁਰੰਤ ਕਾਨੂੰਨ ਵਿਭਾਗ ਨਾਲ ਸੰਪਰਕ ਕਰੋ।

**ਦੂਜਿਆਂ ਦੇ ਅਧਿਕਾਰਾਂ ਦਾ ਸਨਮਾਨ ਕਰਨਾ।** *ਤੁਹਾਨੂੰ ਪਤਾ ਹੈ ਕਿ ਸਾਡੀ 'ਉਤਪਾਦ ਵਿਕਾਸ ਟੀਮ' ਇੱਕ ਮੁਕਾਬਲੇਬਾਜ਼ ਦੁਆਰਾ ਹਾਲ ਹੀ ਵਿੱਚ ਪੇਸ਼ ਕੀਤੀਆਂ ਗਈਆਂ ਨਵੀਂਆਂ ਉਤਪਾਦ ਵਿਸ਼ੇਸ਼ਤਾਵਾਂ ਦੀ ਨਕਲ ਕਰਨ ਦੀ ਯੋਜਨਾ ਬਣਾ ਰਹੀ ਹੈ। ਤੁਸੀਂ ਜਾਣਦੇ ਹੋ ਕਿ ਕਾਪੀ ਕਰਨਾ ਹਮੇਸ਼ਾ ਮਾੜਾ ਨਹੀਂ ਹੁੰਦਾ ਪਰ ਇਹ ਯਕੀਨੀ ਬਣਾਓ ਕਿ ਕਾਨੂੰਨ ਵਿਭਾਗ ਸਾਡੀਆਂ ਨਵੀਆਂ ਉਤਪਾਦ ਯੋਜਨਾਵਾਂ ਬਾਰੇ ਜਾਣਦਾ ਹੈ ਤਾਂ ਜੋ ਅਸੀਂ ਮੁਕਾਬਲੇਬਾਜ਼ ਦੇ ਕਿਸੇ ਵੀ ਪੇਟੈਂਟ ਦੀ ਉਲੰਘਣਾ ਕਰਨ ਤੋਂ ਬਚ ਸਕੀਏ, ਹਾਲਾਂਕਿ ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਅਸੀਂ ਉਹਨਾਂ ਹੀ ਵਿਸ਼ੇਸ਼ਤਾਵਾਂ ਦੀ ਪੇਸ਼ਕਸ਼ ਨਾ ਕਰ ਸਕੀਏ। ਸਹੀ ਚੀਜ਼?* ਪੂਰੀ ਤਰ੍ਹਾਂ। ਅਸੀਂ ਦੂਜਿਆਂ ਦੇ ਜਾਇਜ਼ ਅਤੇ ਲਾਗੂ ਕਰਨ ਯੋਗ ਬੌਧਿਕ ਜਾਇਦਾਦ ਦੇ ਅਧਿਕਾਰਾਂ ਦਾ ਸਨਮਾਨ ਕਰਦੇ ਹਾਂ, ਜਿਸ ਵਿੱਚ ਪੇਟੈਂਟ, ਟ੍ਰੇਡਮਾਰਕ, ਕਾਪੀਰਾਈਟਸ, ਅਤੇ ਵਪਾਰਕ ਭੇਦ ਸ਼ਾਮਲ ਹਨ। ਜਦੋਂ ਤੁਸੀਂ ਨਵੇਂ ਉਤਪਾਦਾਂ, ਨਵੀਆਂ ਉਤਪਾਦਾਂ ਦੀਆਂ ਵਿਸ਼ੇਸ਼ਤਾਵਾਂ ਅਤੇ ਨਵੇਂ ਬ੍ਰਾਂਡਾਂ ਦੀ ਸ਼ੁਰੂਆਤ ਕਰਦੇ ਹੋ ਤਾਂ ਕਾਨੂੰਨ ਵਿਭਾਗ ਨੂੰ ਸ਼ਾਮਲ ਕਰਨਾ ਯਕੀਨੀ ਬਣਾਓ।

## ਸਾਵਧਾਨੀ।

ਮੁਕਾਬਲੇਬਾਜ਼ ਜਾਣਕਾਰੀ ਇਕੱਠੀ ਕਰਨਾ। *ਤੁਹਾਨੂੰ ਕਿਸੇ ਉਤਪਾਦ ਨੂੰ ਲਾਂਚ ਕਰਨ ਦੀ ਤਿਆਰੀ ਕਰਨ ਵਾਸਤੇ ਕੁਝ ਮੁਕਾਬਲੇਬਾਜ਼ ਖੁਫੀਆ ਜਾਣਕਾਰੀ ਇਕੱਠੀ ਕਰਨ ਦੀ ਜ਼ਰੂਰਤ ਹੈ। ਕੀ ਇਹ ਠੀਕ ਤਰੀਕਾ ਹੈ?* ਹਾਂ, ਮੁਕਾਬਲੇਬਾਜ਼ ਜਾਣਕਾਰੀ ਇਕੱਠੀ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ, ਪਰ ਅਜਿਹਾ ਸਹੀ ਤਰੀਕੇ ਨਾਲ ਕੀਤਾ ਜਾਣਾ ਚਾਹੀਦਾ ਹੈ। ਸਿਰਫ਼ ਈਮਾਨਦਾਰ ਤਰੀਕਿਆਂ ਅਤੇ ਦਸਤਾਵੇਜ਼ਾਂ ਦੀ ਵਰਤੋਂ ਕਰਨਾ ਯਕੀਨੀ ਬਣਾਓ ਜੇ ਤੁਸੀਂ ਜਨਤਕ ਸਰੋਤਾਂ ਤੋਂ ਪ੍ਰਾਪਤ ਕਰਦੇ ਹੋ।

ਮੁਕਾਬਲੇਬਾਜ਼ਾਂ ਦੇ ਬੰਦਿਆਂ ਨੂੰ ਕੰਮ 'ਤੇ ਰੱਖਣਾ। *ਤੁਹਾਡੇ ਗਰੁੱਪ ਵਿੱਚ ਇੱਕ ਨੌਕਰੀ ਖਾਲੀ ਹੈ, ਅਤੇ ਤੁਹਾਡੇ ਕੋਲ ਕਿਸੇ ਮੁਕਾਬਲੇਬਾਜ਼ ਨੂੰ ਛੱਡਕੇ ਆਇਆ ਇੱਕ ਉਮੀਦਵਾਰ ਹੈ ਜਿਸ ਕੋਲ ਉਦਯੋਗ ਦਾ ਬਹੁਤ ਵਧੀਆ ਤਜ਼ਰਬਾ ਹੈ। ਕੀ ਉਸਨੂੰ ਰੱਖਣਾ ਠੀਕ ਹੈ?* ਸ਼ਾਇਦ। ਹਾਲਾਂਕਿ ਅਸੀਂ ਵੱਖ-ਵੱਖ ਕਾਰੋਬਾਰੀ ਜਾਂ ਤਕਨੀਕੀ ਖੇਤਰਾਂ ਵਿੱਚ ਗਿਆਨ ਅਤੇ ਤਜ਼ਰਬੇ ਵਾਲੇ ਵਿਅਕਤੀਆਂ ਨੂੰ ਰੱਖ ਸਕਦੇ ਹਾਂ, ਪਰ ਅਸੀਂ ਲੋਕਾਂ ਨੂੰ ਵਪਾਰਕ ਭੇਦ ਅਤੇ ਦੂਜਿਆਂ ਦੀ ਸੰਵੇਦਨਸ਼ੀਲ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰਨ ਦੇ ਇੱਕ ਸਾਧਨ ਵਜੋਂ ਨਹੀਂ ਰੱਖਦੇ। ਜੋਖ਼ਮ ਨੂੰ ਸਮਝਣ ਲਈ ਮਨੁੱਖੀ ਸਰੋਤ ਜਾਂ ਕਾਨੂੰਨ ਵਿਭਾਗ ਦੇ ਨਾਲ ਕੰਮ ਕਰੋ ਅਤੇ ਇਹ ਯਕੀਨੀ ਬਣਾਉਣ ਲਈ ਸੁਰੱਖਿਅਤ ਉਪਾਅ ਕਰੋ ਕਿ ਟੀਮ ਮੈਂਬਰ ਆਪਣੇ ਸਾਬਕਾ ਮਾਲਕਾਂ ਦੀ ਗੁਪਤ ਜਾਣਕਾਰੀ ਦਾ ਖੁਲਾਸਾ ਨਾ ਕਰਨ।

## ਗਲਤ ਤਰੀਕਾ।

ਮੁਕਾਬਲੇਬਾਜ਼ ਤੌਰ 'ਤੇ ਸੰਵੇਦਨਸ਼ੀਲ ਜਾਣਕਾਰੀ ਦੀ ਰੱਖਿਆ ਕਰਨਾ। *ਤੁਸੀਂ ਰਾਤ ਦੇ ਖਾਣੇ 'ਤੇ ਕਿਸੇ ਦੋਸਤ ਦੇ ਨਾਲ ਹੋ ਜੋ ਕਿਸੇ ਮੁਕਾਬਲੇਬਾਜ਼ ਲਈ ਕੰਮ ਕਰਦਾ ਹੈ। ਉਹ ਰਣਨੀਤੀਆਂ ਸਾਂਝੀਆਂ ਕਰਨ ਦਾ ਸੁਝਾਅ ਦਿੰਦੇ ਹਨ ਤਾਂ ਜੋ ਤੁਸੀਂ ਦੋਵੇਂ ਆਪਣੀ ਵਿਕਰੀ ਦੇ ਟੀਚਿਆਂ ਨੂੰ ਪੂਰਾ ਕਰ ਸਕੋ। ਦੋਸਤ ਲਈ ਕੁਝ ਵੀ ਕਰੋ, ਠੀਕ ਹੈ?* ਨਹੀਂ। ਅਸੀਂ ਮੁਕਾਬਲੇਬਾਜ਼ ਤੌਰ 'ਤੇ ਸੰਵੇਦਨਸ਼ੀਲ ਜਾਣਕਾਰੀ ਦੀ ਰੱਖਿਆ ਕਰਦੇ ਹਾਂ ਅਤੇ ਬਿਨਾਂ ਆਗਿਆ ਅਤੇ ਸਹੀ ਸੁਰੱਖਿਆ ਉਪਾਵਾਂ ਦੇ ਇਸ ਨੂੰ ਕਿਸੇ ਨਾਲ ਸਾਂਝੀ ਨਹੀਂ ਕਰਦੇ।

## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਮੈਨੂੰ ਕਿਹੜੀ ਗੱਲਬਾਤ ਤੋਂ ਪਰਹੇਜ਼ ਕਰਨਾ ਚਾਹੀਦਾ ਹੈ?

ਮੁਕਾਬਲੇਬਾਜ਼ ਕੰਪਨੀਆਂ ਨਾਲ ਗੱਲਬਾਤ ਨੂੰ ਛੋਟੀ ਅਤੇ ਆਮ ਰੱਖੋ - ਮੌਸਮ ਅਤੇ ਖੇਡਾਂ ਬਾਰੇ ਸੋਚੋ, ਨਾ ਕਿ ਕਾਰੋਬਾਰ ਬਾਰੇ। ਜੇ ਉਹ ਕੀਮਤਾਂ, ਉਤਪਾਦਨ, ਮਾਰਕੀਟਿੰਗ, ਵਸਤੂ-ਸੂਚੀਆਂ, ਉਤਪਾਦ ਦੇ ਵਿਕਾਸ, ਵਿਕਰੀ ਦੇ ਖੇਤਰ, ਟੀਚੇ, ਜਾਂ ਹੋਰ ਮਲਕੀਅਤ ਜਾਂ ਗੁਪਤ ਜਾਣਕਾਰੀ ਦਾ ਵਿਸ਼ਾ ਛੇੜਦੇ ਹਨ, ਤਾਂ ਗੱਲਬਾਤ ਨੂੰ ਖਤਮ ਕਰੋ ਅਤੇ ਉੱਠ ਜਾਓ।

## ਗੈਰਾਜ



# ਹਿੱਤਾਂ ਦੇ ਟਕਰਾਅ ਤੋਂ ਬਚਣਾ

## ਮੰਜ਼ਿਲ

ਪ੍ਰਭਾਵ ਤੋਂ ਪਰਹੇਜ਼ ਕਰਨਾ (ਜਾਂ ਇੱਥੋਂ ਤੱਕ ਕਿ ਇਸ ਦੀ ਧਾਰਨਾ ਤੋਂ ਵੀ)।

## ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਆਓ ਇਸਦਾ ਸਾਹਮਣਾ ਕਰੀਏ, ਸਾਡੇ ਸਾਰਿਆਂ ਦੇ ਆਪਣੀਆਂ ਨੌਕਰੀਆਂ ਤੋਂ ਬਾਹਰ ਰੁਚੀਆਂ ਅਤੇ ਰਿਸ਼ਤੇ ਹਨ। ਪਰ ਜਦੋਂ ਇਹ ਨਿੱਜੀ ਹਿੱਤ ਸਾਡੇ ਕਾਰੋਬਾਰੀ ਫੈਸਲਿਆਂ ਨੂੰ ਪ੍ਰਭਾਵਤ ਕਰਦੇ ਹਨ, ਤਾਂ ਇਹ ਨੁਕਸਾਨਦੇਹ ਹੋ ਸਕਦੇ ਹਨ। ਅਸੀਂ ਇਸ ਨੂੰ ਹਿੱਤਾਂ ਦਾ ਟਕਰਾਅ ਕਹਿੰਦੇ ਹਾਂ। ਹਿੱਤਾਂ ਦਾ ਟਕਰਾਅ ਤੁਹਾਡੀ ਸਾਖ ਅਤੇ ਕੰਪਨੀ ਨੂੰ ਠੇਸ ਪਹੁੰਚਾ ਸਕਦਾ ਹੈ।

ਇੱਕ ਟੀਮ ਵਜੋਂ ਅੱਗੇ ਵਧਣ ਲਈ, ਸਾਨੂੰ ਇੱਕ ਟੀਮ ਵਜੋਂ ਕੰਮ ਕਰਨ ਦੀ ਜ਼ਰੂਰਤ ਹੈ। ਆਓ ਆਪਾਂ ਵਿਵਾਦਾਂ ਤੋਂ ਦੂਰ ਰਹਿਣ ਲਈ ਆਪਣੀ ਭੂਮਿਕਾ ਨਿਭਾਈਏ ਅਤੇ ਹਮੇਸ਼ਾ Tenneco ਦੇ ਸਭ ਤੋਂ ਵਧੀਆ ਹਿੱਤ ਲਈ ਕੰਮ ਕਰੀਏ। ਅਸੀਂ ਅਜਿਹੇ ਫੈਸਲੇ ਲੈਂਦੇ ਹਾਂ ਜੋ ਉਦੇਸ਼ਵਾਦੀ ਅਤੇ ਪ੍ਰਭਾਵ-ਮੁਕਤ ਹੁੰਦੇ ਹਨ। ਇਹ ਸਮਝਣਾ ਕਿ ਹਿੱਤਾਂ ਦੇ ਟਕਰਾਅ ਕੀ ਹਨ ਅਤੇ ਇਹ ਰਵਾਇਤੀ ਤੌਰ ’ਤੇ ਕਦੋਂ ਪੈਦਾ ਹੁੰਦੇ ਹਨ, ਇਹਨਾਂ ਤੋਂ ਬਚਣ ਦੀ ਕੁੰਜੀ ਹੈ। ਕਿਸੇ ਵੀ ਅਜਿਹੀ ਚੀਜ਼ ਤੋਂ ਪਰਹੇਜ਼ ਕਰਨਾ ਸਭ ਤੋਂ ਵਧੀਆ ਰਹਿੰਦਾ ਹੈ ਜਿਸ ਨਾਲ ਇਹ ਜਾਪਦਾ ਹੈ ਕਿ ਤੁਹਾਡੇ ਫੈਸਲੇ ਨੂੰ ਪ੍ਰਭਾਵਿਤ ਕੀਤਾ ਜਾ ਰਿਹਾ ਹੈ।

## ਨੈਤਿਕ ਵਿਵਹਾਰ ਦਾ ਰੋਲ ਮਾਡਲ।

**ਕਿਸੇ ਟਕਰਾਅ ਦੀ ਪਛਾਣ ਕਰਨਾ।** *ਤੁਹਾਡੀ ਭਾਣਜੀ/ਭਤੀਜੀ ਤੁਹਾਡੀ ਸਹਾਇਕ ਵਜੋਂ ਇੱਕ ਨੌਕਰੀ ਚਾਹੁੰਦੀ ਹੈ। ਤੁਸੀਂ ਜਾਣਦੇ ਹੋ ਕਿ ਉਹ ਯੋਗ ਹੈ ਪਰ ਉਸ ਨੂੰ ਦੱਸੋ ਕਿ ਇਸ ਤਰ੍ਹਾਂ ਇਹ ਜਾਪੇਗਾ ਕਿ ਤੁਸੀਂ ਪੱਖਪਾਤੀ ਹੋ – ਜੋ ਕਿ ਟੀਮ ਲਈ ਮਾੜੀ ਗੱਲ ਹੈ। ਤੁਸੀਂ ਇਸ ਦੀ ਬਜਾਏ ਦੂਜੇ ਵਿਭਾਗਾਂ ਵਿੱਚ ਖਾਲੀ ਨੌਕਰੀਆਂ ਦਾ ਸੁਝਾਅ ਦਿੰਦੇ ਹੋ। ਸਹੀ ਪ੍ਰਤੀਕਿਰਿਆ?* ਹਾਂ। ਸੰਭਾਵਿਤ ਟਕਰਾਵਾਂ ਨੂੰ ਪਛਾਣਨਾ ਮਹੱਤਵਪੂਰਨ ਹੈ ਅਤੇ ਕਿਸੇ ਰਿਸ਼ਤੇਦਾਰ ਦੀ ਨਿਗਰਾਨੀ ਕਰਨਾ ਜਾਂ ਉਸ ਨਾਲ ਕਾਰੋਬਾਰ ਕਰਨਾ ਉਸ ਸ਼੍ਰੇਣੀ ਦੇ ਅੰਦਰ ਆਉਂਦਾ ਹੈ।



## ਸਾਵਧਾਨੀ।

**ਟਕਰਾਵਾਂ ਦਾ ਖੁਲਾਸਾ ਕਰਨਾ।** *ਇੱਕ ਮੁਕਾਬਲੇਬਾਜ਼ ਨੇ ਹੁਣੇ-ਹੁਣੇ ਘੋਸ਼ਣਾ ਕੀਤੀ ਹੈ ਕਿ ਤੁਹਾਡੀ ਪਤਨੀ ਨੇ ਉਹਨਾਂ ਕੋਲ ਇੱਕ ਪਦਵੀ ਸਵੀਕਾਰ ਕਰ ਲਈ ਹੈ। ਇਹ ਜਸ਼ਨ ਮਨਾਉਣ ਦਾ ਸਮਾਂ ਹੈ, ਠੀਕ ਹੈ?* ਲਗਭਗ। ਇਹ ਇੱਕ ਸੰਭਾਵਿਤ ਟਕਰਾਅ ਹੋ ਸਕਦਾ ਹੈ। ਇਹ ਯਕੀਨੀ ਬਣਾਓ ਕਿ ਤੁਸੀਂ ਜਸ਼ਨ ਮਨਾਉਣ ਤੋਂ ਪਹਿਲਾਂ ਕੰਪਨੀ ਨੂੰ ਉਸਦੀ ਨਵੀਂ ਪਦਵੀ ਬਾਰੇ ਖੁਲਾਸਾ ਕਰਦੇ ਹੋ।

## ਗਲਤ ਤਰੀਕਾ।

**ਟਕਰਾਵਾਂ ਦਾ ਖੁਲਾਸਾ ਨਾ ਕਰਨਾ।** *ਤੁਹਾਨੂੰ ਪਤਾ ਲਗਦਾ ਹੈ ਕਿ ਤੁਹਾਡਾ ਮੈਨੇਜਰ ਸਾਡੇ ਕਿਸੇ ਇੱਕ ਸਪਲਾਇਰ ਲਈ ਨਿਰਦੇਸ਼ਕਾਂ ਦੇ ਬੋਰਡ ਵਿੱਚ ਹੈ। ਜਦੋਂ ਤੁਸੀਂ ਆਪਣੇ ਮੈਨੇਜਰ ਨੂੰ ਇਸ ਬਾਰੇ ਪੁੱਛਦੇ ਹੋ, ਤਾਂ ਉਹ ਕਹਿੰਦਾ ਹੈ ਕਿ ਚਿੰਤਾ ਕਰਨ ਦੀ ਕੋਈ ਗੱਲ ਨਹੀਂ ਹੈ। ਕੀ ਤੁਹਾਨੂੰ ਕੁਝ ਕਹਿਣਾ ਚਾਹੀਦਾ ਹੈ?* ਹਾਂ। ਤੁਸੀਂ ਆਪਣੇ ਮੈਨੇਜਰ ਨੂੰ ਹਿੱਤਾਂ ਦੇ ਟਕਰਾਅ ਸੰਬੰਧੀ ਫਾਰਮ ਨੂੰ ਭਰਨ ਅਤੇ ਇਸ ਨੂੰ ਮਨੁੱਖੀ ਸਰੋਤ ਵਿਭਾਗ ਨੂੰ ਦੇਣ ਦੀ ਯਾਦ ਦਿਵਾ ਸਕਦੇ ਹੋ। ਨਿਯੰਤਰਣਾਂ ਦੀ ਲੋੜ ਪੈ ਸਕਦੀ ਹੈ। ਉਦਾਹਰਨ ਦੇ ਲਈ, ਤੁਹਾਡੇ ਮੈਨੇਜਰ ਨੂੰ ਸਪਲਾਇਰ ਲਈ ਬੋਲੀ ਲਗਾਉਣ, ਚੋਣ ਕਰਨ, ਜਾਂ ਭੁਗਤਾਨ ਪ੍ਰਕਿਰਿਆ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ ਹੈ।



## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### "ਹਿੱਤਾਂ ਦਾ ਟਕਰਾਅ" ਕਿਸ ਤਰ੍ਹਾਂ ਦਿਖਾਈ ਦਿੰਦਾ ਹੈ?

ਬਹੁਤ ਸਾਰੇ ਘਟਨਾ-ਦ੍ਰਿਸ਼ ਹੋ ਸਕਦੇ ਹਨ ਜੋ ਵਾਪਰ ਸਕਦੇ ਹਨ, ਪਰ ਇੱਥੇ ਕੁਝ ਉਦਾਹਰਨਾਂ ਦਿੱਤੀਆਂ ਗਈਆਂ ਹਨ:

- ਕਿਸੇ ਮੁਕਾਬਲੇਬਾਜ਼ ਕੰਪਨੀ ਲਈ ਕੰਮ ਕਰਨਾ
- ਇੱਕ ਤੋਹਫ਼ਾ, ਮਨੋਰੰਜਨ, ਜਾਂ ਕਿਸੇ ਸਪਲਾਇਰ ਦੇ ਖ਼ਰਚੇ ’ਤੇ ਯਾਤਰਾ
- ਸਾਡੇ ਕਿਸੇ ਵਿਕਰੇਤਾ ਕੋਲ ਵਿੱਤੀ ਨਿਵੇਸ਼
- ਕਿਸੇ ਦੋਸਤ ਜਾਂ ਰਿਸ਼ਤੇਦਾਰ ਨਾਲ ਸਿੱਧਾ ਜਾਂ ਅਸਿੱਧੇ ਤੌਰ ’ਤੇ ਰਿਪੋਰਟਿੰਗ ਸੰਬੰਧ
- "ਇੱਕ ਪਾਸੇ ਮੌਜੂਦ" ਕਿਸੇ ਗਾਹਕ ਲਈ ਸਲਾਹ-ਮਸ਼ਵਰੇ ਦਾ ਕੰਮ
- ਤੁਹਾਡਾ ਰਿਸ਼ਤੇਦਾਰ ਗਾਹਕ ਜਾਂ ਸਪਲਾਇਰ ਲਈ ਕੰਮ ਕਰਦਾ ਹੈ, ਜਾਂ ਨਿਰਦੇਸ਼ਕਾਂ ਦੇ ਬੋਰਡ ’ਤੇ ਹੈ

## ਗੈਰਾਜ

# ਤੋਹਫ਼ਿਆਂ ਦਾ ਵਟਾਂਦਰਾ ਕਰਨਾ, ਮਨੋਰੰਜਨ, ਅਤੇ ਮੇਜ਼ਬਾਨੀ

### ਮੰਜ਼ਿਲ

ਕਿਸੇ ਵੀ ਅਣਉਚਿਤ ਚੀਜ਼ ਨੂੰ ਕਦੇ ਵੀ ਨਾ ਦੇਣਾ ਜਾਂ ਪ੍ਰਾਪਤ ਕਰਨਾ।

### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਕਦੇ ਕਦੇ ਕੋਈ ਤੋਹਫ਼ਾ ਜਾਂ ਮਨੋਰੰਜਨ ਜਾਂ ਪ੍ਰਾਹੁਣਾਚਾਰੀ ਦੀ ਪੇਸ਼ਕਸ਼ ਕਾਰੋਬਾਰ ਕਰਨ ਦਾ ਇੱਕ ਆਮ ਹਿੱਸਾ ਹੋ ਸਕਦਾ ਹੈ। ਪਰ ਕਈ ਵਾਰੀ ਤੋਹਫ਼ੇ ਜਾਂ ਹੋਰ ਪੇਸ਼ਕਸ਼ਾਂ ਹੱਦ ਪਾਰ ਕਰ ਜਾਂਦੀਆਂ ਹਨ। ਕਦੇ ਕਿਸੇ ਪੇਸ਼ਕਸ਼ ਦੀ ਪੇਸ਼ਕਸ਼ ਨਾ ਕਰੋ ਜਾਂ ਸਵੀਕਾਰ ਨਾ ਕਰੋ ਜੇ:

- ਬਦਲੇ ਵਿੱਚ ਇੱਕ ਜ਼ਿੰਮੇਵਾਰੀ ਸਿਰਜਦੀ ਹੈ ਜਾਂ ਜੇ ਅਹਿਸਾਨ ਲੈਣ ਲਈ ਦਿੱਤੀ ਜਾਂਦੀ ਹੈ
- ਨਕਦੀ ਜਾਂ ਨਕਦੀ ਦੇ ਬਰਾਬਰ ਦੇ ਰੂਪ ਵਿੱਚ ਆਉਂਦੀ ਹੈ, ਜਿਵੇਂ ਕਿ ਇੱਕ ਗਿਫਟ ਕਾਰਡ
- ਮੌਜੂਦਾ ਹਾਲਾਤਾਂ ਵਿੱਚ ਬਹੁਤ ਜ਼ਿਆਦਾ ਕੀਮਤੀ ਹੈ ਜਾਂ ਦੂਜਿਆਂ ਨੂੰ ਇਹ ਸੋਚਣ ਲਈ ਮਜ਼ਬੂਰ ਕਰਦੀ ਹੈ ਕਿ ਤੁਹਾਨੂੰ ਪ੍ਰਭਾਵਿਤ ਕੀਤਾ ਜਾ ਰਿਹਾ ਹੈ

ਕਈ ਵਾਰ ਇਹ ਜਾਣਨਾ ਮੁਸ਼ਕਲ ਹੋ ਸਕਦਾ ਹੈ ਕਿ ਕੋਈ ਪੇਸ਼ਕਸ਼ ਕਦੋਂ ਉਚਿਤ ਹੈ ਜਾਂ ਨਹੀਂ, ਇਸੇ ਲਈ ਅਸੀਂ ਦਿਸ਼ਾ-ਨਿਰਦੇਸ਼ ਸਥਾਪਤ ਕੀਤੇ ਹੋਏ ਹਨ। ਇਹ ਯਕੀਨੀ ਬਣਾਓ ਕਿ ਤੁਸੀਂ ਨਿਯਮਾਂ ਦੀ ਪਾਲਣਾ ਕਰਦੇ ਹੋ ਅਤੇ ਕਿਸੇ ਵਿਸ਼ੇਸ਼ ਪਾਬੰਦੀਆਂ ਬਾਰੇ ਜਾਣਕਾਰੀ ਰੱਖਦੇ ਹੋ। ਉਦਾਹਰਨ ਲਈ, ਇੱਕ ਸਰਕਾਰੀ ਅਧਿਕਾਰੀ ਨੂੰ **ਕੁਝ ਵੀ** ਕੀਮਤੀ ਮੁੱਲ ਦੀ ਚੀਜ਼ ਦੇਣਾ ਇੱਕ ਗੈਰਕਾਨੂੰਨੀ ਰਿਸ਼ਵਤ ਵਜੋਂ ਵੇਖਿਆ ਜਾ ਸਕਦਾ ਹੈ ਇਸ ਲਈ ਇਸ ਵਾਸਤੇ ਕਾਨੂੰਨ ਵਿਭਾਗ ਦੀ ਮਨਜ਼ੂਰੀ ਦੀ ਲੋੜ ਹੈ। ਜੇ ਕਰਨ ਵਾਸਤੇ ਸਹੀ ਚੀਜ਼ ਸਪੱਸ਼ਟ ਨਹੀਂ ਹੈ, ਤਾਂ ਹਮੇਸ਼ਾ ਮਦਦ ਦੀ ਮੰਗ ਕਰੋ। ਜੇ ਤੁਸੀਂ ਕਿਸੇ ਤੋਹਫ਼ੇ ਨੂੰ ਸਵੀਕਾਰਦੇ ਹੋ, ਤੁਹਾਨੂੰ ਲਾਜ਼ਮੀ ਤੌਰ 'ਤੇ ਇਸ ਦੀ ਰਿਪੋਰਟ ਕਰਨੀ ਚਾਹੀਦੀ ਹੈ।

### ਨੈਤਿਕ ਵਿਵਹਾਰ ਦਾ ਰੇਲ ਮਾਡਲ।

"ਨਹੀਂ ਕਹਿਣਾ। *ਤੁਸੀਂ ਕਿਸੇ ਗਾਹਕ ਤੋਂ ਆਪਣੇ ਅਤੇ ਆਪਣੇ ਜੀਵਨ ਸਾਥੀ ਲਈ FIFA ਫੁੱਟਬਾਲ ਵਿਸ਼ਵ ਕੱਪ ਦੀਆਂ ਟਿਕਟਾਂ ਲੈਂਦੇ ਹੋ। ਤੁਸੀਂ ਜਾਣਦੇ ਹੋ ਕਿ ਤੁਸੀਂ ਅਜਿਹਾ ਕੁਝ ਸਵੀਕਾਰ ਨਹੀਂ ਕਰ ਸਕਦੇ ਹੋ, ਇਸ ਲਈ ਤੁਸੀਂ ਉਹਨਾਂ ਨੂੰ ਵਾਪਸ ਕਰ ਦਿੰਦੇ ਹੋ ਅਤੇ ਨਿਮਰਤਾ ਨਾਲ ਸਾਡੀ ਨੀਤੀ ਦੀ ਵਿਆਖਿਆ ਕਰਦੇ ਹੋ। ਸਮਝਦਾਰੀ ਵਾਲੀ ਚਾਲ?* ਹਾਂ। ਸਹੀ ਨਿਰਣੇ, 'ਹਮੇਸ਼ਾ ਨਾਲ ਕੰਮ ਕਰੋ' ਦੀ ਵਰਤੋਂ ਕਰੋ, ਅਤੇ ਕਿਸੇ ਵੀ ਅਜਿਹਾ ਪੇਸ਼ਕਸ਼ ਨੂੰ ਠੁਕਰਾ ਦਿਓ ਜਿਸ ਬਾਰੇ ਤੁਸੀਂ ਵਿਸ਼ਵਾਸ਼ ਕਰਦੇ ਹੋ ਜਾਂ ਜਾਣਦੇ ਹੋ ਕਿ ਉਹ ਅਣਉਚਿਤ ਹੈ।

### ਸਾਵਧਾਨੀ।

ਉਹਨਾਂ ਦੀਆਂ ਨੀਤੀਆਂ ਦਾ ਸਨਮਾਨ ਕਰਨਾ। *ਛੁੱਟੀਆਂ ਆ ਰਹੀਆਂ ਹਨ, ਅਤੇ ਤੁਸੀਂ ਕਿਸੇ ਗਾਹਕ ਨੂੰ $50 ਦਾ ਇੱਕ ਤੋਹਫ਼ਾ ਭੇਜਣਾ ਚਾਹੁੰਦੇ ਹੋ। ਇਹ ਠੀਕ ਹੋਣਾ ਚਾਹੀਦਾ ਹੈ, ਹੈ ਨਾ?* ਇਹ ਸਥਿਤੀ 'ਤੇ ਨਿਰਭਰ ਕਰਦਾ ਹੈ। ਕਈ ਵਾਰ ਗਾਹਕਾਂ ਦੇ ਸਖਤ ਨਿਯਮ ਹੁੰਦੇ ਹਨ ਅਤੇ ਤੋਹਫ਼ਿਆਂ ਦੀ ਇਜਾਜ਼ਤ ਨਹੀਂ ਹੁੰਦੀ। ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੇ ਤੋਹਫ਼ੇ ਕਰਕੇ ਗਾਹਕ ਅਸਹਿਜ ਮਹਿਸੂਸ ਕਰੇ ਅਤੇ ਮੁਸੀਬਤ ਵਿੱਚ ਪਵੇ। ਇਸ ਤੋਂ ਇਲਾਵਾ ਸਾਡੇ ਇਕਰਾਰਨਾਮੇ ਅਕਸਰ ਸਾਡੇ ਕੋਲੋਂ ਲੋੜਦੇ ਹਨ ਕਿ ਅਸੀਂ ਉਹਨਾਂ ਦੇ ਨਿਯਮਾਂ ਦਾ ਆਦਰ ਕਰੀਏ। ਇਹਨਾਂ ਸਥਿਤੀਆਂ ਵਿੱਚ, ਛੁੱਟੀ ਦੇ ਮੌਸਮ ਵਿੱਚ ਆਪਣੇ ਰਿਸ਼ਤੇ ਨੂੰ ਬਣਾਉਣ ਲਈ ਇੱਕ ਹੋਰ ਤਰੀਕਾ ਲੱਭੋ - ਜਿਵੇਂ ਕਿ ਤਿਉਹਾਰ ਸੰਬੰਧੀ ਈਮੇਲ।

## ਗਲਤ ਤਰੀਕਾ।

ਸਰਕਾਰੀ ਅਧਿਕਾਰੀਆਂ ਨੂੰ ਦੇਣਾ। *ਤੁਸੀਂ ਕਿਸੇ ਟ੍ਰੇਡ ਸ਼ੋਅ ਤੋਂ ਬਾਅਦ ਇੱਕ ਸਰਕਾਰੀ ਅਧਿਕਾਰੀ ਨਾਲ ਟਕਰਾ ਜਾਂਦੇ ਹੋ। ਤੁਸੀਂ ਦੋਵੇਂ ਲਾਸ ਵੇਗਾਸ ਲਈ ਆਪਣੇ ਪ੍ਰੇਮ ਬਾਰੇ ਗੱਲ ਕਰਨਾ ਸ਼ੁਰੂ ਕਰਦੇ ਹੋ ਅਤੇ ਆਪਣੇ ਉਤਸ਼ਾਹ ਵਿੱਚ, ਤੁਸੀਂ ਸੁਝਾਉਂਦੇ ਹੋ ਕਿ ਸਾਡੀ ਕੰਪਨੀ ਉਸਨੂੰ ਇੱਕ ਵੀਕਇੰਡ ਟ੍ਰਿੱਪ 'ਤੇ ਭੇਜਣ ਦੀ ਇੱਛੁਕ ਹੋ ਸਕਦੀ ਹੈ। ਇਸ ਨਾਲ ਸਾਨੂੰ ਆਪਣੇ ਮੁਕਾਬਲੇਬਾਜ਼ਾਂ ਤੋਂ ਵੱਖਰੇ ਬਣਨ ਵਿੱਚ ਮਦਦ ਮਿਲੇਗੀ, ਠੀਕ ਹੈ?* ਹਾਂ, ਪਰ ਵਧੀਆ ਤਰੀਕੇ ਨਾਲ ਨਹੀਂ। ਸਰਕਾਰੀ ਅਧਿਕਾਰੀਆਂ ਨੂੰ ਤੋਹਫ਼ੇ ਦੇਣ ਬਾਬਤ ਸਖਤ ਨਿਯਮ ਹਨ, ਅਤੇ ਇਹ ਕਾਫ਼ੀ ਮਹਿੰਗੀ ਪੇਸ਼ਕਸ਼ ਹੈ। ਤੁਹਾਨੂੰ ਕਾਨੂੰਨ ਵਿਭਾਗ ਵਿੱਚ ਕਿਸੇ ਨਾਲ ਗੱਲ ਕਰਨ ਦੀ ਜ਼ਰੂਰਤ ਹੈ ਤਾਂ ਕਿ ਅਸੀਂ ਤੁਰੰਤ ਸੁਧਾਰ ਦੀ ਕਾਰਵਾਈ ਕਰ ਸਕੀਏ।



## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਕਿਸ ਕਿਸਮ ਦੇ ਤੋਹਫ਼ੇ ਸਵੀਕਾਰਯੋਗ ਹਨ?

ਦਿੱਤੇ ਜਾਂ ਪ੍ਰਾਪਤ ਕੀਤੇ ਤੋਹਫ਼ੇ ਜਾਂ ਮਨੋਰੰਜਨ:

- ਕਾਨੂੰਨੀ ਤੌਰ 'ਤੇ ਸਵੀਕਾਰ ਕਰਨਯੋਗ ਹੋਣੇ ਚਾਹੀਦੇ ਹਨ
- ਸਹੀ ਤਰੀਕੇ ਨਾਲ ਰਿਕਾਰਡ ਕੀਤੇ ਜਾਣੇ ਚਾਹੀਦੇ ਹਨ
- ਇਹ ਕਦੇ-ਕਦਾਈਂ ਅਤੇ ਘੱਟ ਮੁੱਲ ਵਾਲੇ ਹੋਣੇ ਚਾਹੀਦੇ ਹਨ
- ਇਹਨਾਂ ਦਾ ਉਚਿਤ ਵਪਾਰਕ ਉਦੇਸ਼ ਹੋਣਾ ਚਾਹੀਦਾ ਹੈ
- ਉਦਯੋਗ ਅਤੇ ਟਿਕਾਣੇ ਦੇ ਅਧਾਰ 'ਤੇ ਜੋ ਕੁਝ ਸਵੀਕਾਰ ਕਰਨਯੋਗ ਹੈ, ਉਸ ਦੇ ਅਨੁਕੂਲ ਹੋਣੇ ਚਾਹੀਦੇ ਹਨ
- ਦੇਣ ਵਾਲੇ ਅਤੇ ਪ੍ਰਾਪਤ ਕਰਨ ਵਾਲੇ ਦੋਵਾਂ ਦੀਆਂ ਨੀਤੀਆਂ ਦਾ ਸਨਮਾਨ ਕਰਨ ਵਾਲੇ ਹੋਣੇ ਚਾਹੀਦੇ ਹਨ
- Tenneco ਬਾਰੇ ਮਾੜਾ ਪ੍ਰਭਾਵ ਦੇਣ ਵਾਲੇ – ਜਾਂ ਇਸਨੂੰ ਸ਼ਰਮਸਾਰ ਕਰਨ ਵਾਲੇ – ਨਹੀਂ ਹੋਣੇ ਚਾਹੀਦੇ
- ਕਦੇ ਵੀ ਨਕਦ, ਕੋਈ ਗਿਫਟ ਕਾਰਡ, ਚੈੱਕ, ਕਰਜ਼ਾ, ਜਾਂ ਸ਼ੇਅਰ ਨਹੀਂ ਹੋਣੇ ਚਾਹੀਦੇ
- ਇਹ ਤੁਹਾਨੂੰ ਜਾਂ Tenneco ਨੂੰ ਕਦੇ ਵੀ ਸਮਝੌਤਾ ਕਰਨ ਵਾਲੀ ਸਥਿਤੀ ਵਿੱਚ ਪਾਉਣ ਵਾਲੇ ਨਹੀਂ ਹੋਣੇ ਚਾਹੀਦੇ

## ਗੈਰਾਜ

# ਅੰਤਰਰਾਸ਼ਟਰੀ ਪੱਧਰ 'ਤੇ ਵਪਾਰ ਕਰਨਾ

### ਮੰਜ਼ਿਲ

ਜਦ ਸਾਡੇ ਉਤਪਾਦ ਅਤੇ ਲੋਕ ਵਿਸ਼ਵ ਭਰ ਦੀ ਯਾਤਰਾ ਕਰਦੇ ਹਨ ਤਾਂ ਸਤਿਕਾਰ ਪ੍ਰਾਪਤ ਕਰਨਾ।

### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਅੰਤਰਰਾਸ਼ਟਰੀ ਪੱਧਰ ’ਤੇ ਕਾਰੋਬਾਰ ਕਰਨਾ ਇੱਕ ਵਿਸ਼ੇਸ਼ ਅਧਿਕਾਰ ਹੈ - ਉਹ ਜੋ ਸਾਡੇ ਕਾਰੋਬਾਰ ਲਈ ਬਹੁਤ ਸਾਰੇ ਦਿਲਚਸਪ ਰਸਤੇ ਅਤੇ ਸਾਡੇ ਗਾਹਕਾਂ ਲਈ ਨਵੀਂਆਂ ਪੇਸ਼ਕਸ਼ਾਂ ਪ੍ਰਦਾਨ ਕਰਦਾ ਹੈ। ਅਸੀਂ ਆਯਾਤ, ਨਿਰਯਾਤ ਅਤੇ ਵਣਜ ਤਾਮੀਲ ਸੰਬੰਧੀ ਕਾਨੂੰਨਾਂ ਦੀ ਪਾਲਣਾ ਕਰਕੇ ਇਹਨਾਂ ਫਾਇਦਿਆਂ ਨੂੰ ਕਾਇਮ ਰੱਖਣ ਲਈ ਕਠਿਨ ਮਿਹਨਤ ਕਰਦੇ ਹਾਂ।

ਜੋ ਕੁਝ ਲੋੜੀਂਦਾ ਹੈ, ਉਸ ਦੇ ਸਿਖਰ ’ਤੇ ਬਣੇ ਰਹਿਣ ਲਈ ਆਓ ਸਾਰੇ ਆਪਣੀ ਭੂਮਿਕਾ ਨਿਭਾਈਏ ਅਤੇ ਆਪਣੇ ਗਾਹਕਾਂ ਲਈ ਸਭ ਤੋਂ ਵਧੀਆ ਸੇਵਾ ਪ੍ਰਦਾਨ ਕਰੀਏ। ਇੱਕ ਮਾੜਾ ਫੈਸਲਾ ਜਾਂ ਗਲਤੀ ਦੁਨੀਆਂ ਭਰ ਵਿੱਚ ਸਾਡੇ ਉਤਪਾਦਾਂ ਨੂੰ ਵੰਡਣ ਦੇ ਸਾਡੇ ਮੌਕੇ ਨੂੰ ਗੁਆ ਸਕਦਾ ਹੈ।

## ਨੈਤਿਕ ਵਿਵਹਾਰ ਦਾ ਰੋਲ ਮਾਡਲ।

**ਅੰਤਰਰਾਸ਼ਟਰੀ ਅਧਿਨਿਯਮਾਂ ਦਾ ਸਤਿਕਾਰ ਕਰਨਾ।** *ਤੁਸੀਂ ਕਿਸੇ ਨਵੇਂ ਦੇਸ਼ ਵਿੱਚ ਵਿਕਰੀ ਦੀ ਸ਼ੁਰੂਆਤ ਕਰਨੀ ਚਾਹੁੰਦੇ ਹੋ, ਪਰ ਉਸ ਦੇਸ਼ ਦੇ ਕਾਨੂੰਨਾਂ ਨੂੰ ਸਮਝਣਾ ਮੁਸ਼ਕਲ ਹੈ। ਤੁਸੀਂ ਮਦਦ ਲਈ ਕਾਨੂੰਨ ਵਿਭਾਗ ਨਾਲ ਸੰਪਰਕ ਕਰਦੇ ਹੋ। ਸਹੀ ਚੋਣ?* ਬਿਲਕੁਲ। ਅੰਤਰਰਾਸ਼ਟਰੀ ਪੱਧਰ ’ਤੇ ਕਾਰੋਬਾਰ ਕਰਨਾ ਗੁੰਝਲਦਾਰ ਹੋ ਸਕਦਾ ਹੈ, ਖ਼ਾਸ ਕਰਕੇ ਜੇ ਤੁਹਾਨੂੰ ਨਿਯਮਾਂ ਦੇ ਇੱਕ ਤੋਂ ਵਧੇਰੇ ਸਮੂਹਾਂ ਦੀ ਪਾਲਣਾ ਕਰਨੀ ਪੈਂਦੀ ਹੈ। ਤੁਹਾਨੂੰ ਉਤਪਾਦ ਦੀਆਂ ਲੋੜਾਂ ਬਾਬਤ ਖੋਜ ਕਰਨ ਅਤੇ ਉਸ ਦੇਸ਼ ਦੇ ਕਾਨੂੰਨਾਂ ਨੂੰ ਸਮਝਣ ਦੀ ਜ਼ਰੂਰਤ ਹੋਵੇਗੀ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਉਤਪਾਦ, ਲੇਬਲ, ਅਤੇ ਕਾਰਵਾਈਆਂ ਕਨੂੰਨ ਦੀ ਤਾਮੀਲ ਕਰਦੇ ਹਨ। ਖੁਸ਼ਕਿਸਮਤੀ ਨਾਲ, ਤੁਹਾਡੀ ਮਦਦ ਕਰਨ ਲਈ ਤੁਹਾਡੇ ਕੋਲ ਇੱਕ ਸੰਪੂਰਨ ਕਾਨੂੰਨੀ ਅਤੇ ਕਾਰਪੋਰੇਟ ਟੀਮ ਹੈ।

## ਸਾਵਧਾਨੀ।

**ਨਿਰਯਾਤ ਨੂੰ ਸਹੀ ਤਰੀਕੇ ਨਾਲ ਸੰਭਾਲਣਾ।** *ਤੁਸੀਂ ਇੱਕ ਨਵਾਂ ਉਤਪਾਦ ਨਿਰਯਾਤ ਕਰ ਰਹੇ ਹੋ ਅਤੇ ਇਹ ਯਕੀਨੀ ਬਣਾਉਣਾ ਚਾਹੁੰਦੇ ਹੋ ਕਿ ਇਸ ਵਿੱਚ ਸਾਰੇ ਜ਼ਰੂਰੀ ਕਾਗਜ਼ਾਤ ਸ਼ਾਮਲ ਹਨ। ਤੁਸੀਂ ਜਾਂਚ ਕਰਦੇ ਹੋ, ਅਤੇ ਇਹ ਸਭ ਉੱਥੇ ਹਨ। ਮਾਲ ਭੇਜਣ ਲਈ ਤਿਆਰ?* ਲਗਭਗ। ਆਪਣੀ ‘ਵਣਜ ਤਾਮੀਲ ਟੀਮ’ ਕੋਲੋਂ ਜਾਂਚ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰੇਕ ਚੀਜ਼ ਨੂੰ ਸਹੀ ਤਰੀਕੇ ਨਾਲ ਸ਼੍ਰੇਣੀਬੱਧ ਕੀਤਾ ਗਿਆ ਹੈ ਅਤੇ ਇਹ ਯਕੀਨੀ ਬਣਾਉਣ ਲਈ ਦੁਬਾਰਾ ਜਾਂਚ ਕਰੋ ਕਿ ਖੇਪ ਭੇਜਣ ਦੀ ਆਗਿਆ ਹੈ। ਇਹ ਪੇਚੀਦਾ ਹੋ ਸਕਦਾ ਹੈ ਅਤੇ ਵਿਸਥਾਰਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਪੈਂਦੀ ਹੈ ਜਿਵੇਂ ਨਿਰਯਾਤ ਦੀਆਂ ਜ਼ਰੂਰਤਾਂ ਨੂੰ ਸਮਝਣਾ, ਜਾਂਚ ਕਰਨਾ ਕਿ ਮੰਜ਼ਿਲ ਕੋਈ ਮਨਜ਼ੂਰਸ਼ੁਦਾ ਦੇਸ਼ ਨਹੀਂ ਹੈ, ਅਤੇ ਉਤਪਾਦ ਨੂੰ ਜਾਣਨਾ, ਅਤੇ ਇਹ ਵੀ ਇਸ ਦੀ ਵਰਤੋਂ ਕੌਣ ਕਰੇਗਾ।

**ਕਾਰੋਬਾਰੀ ਮੌਕਿਆਂ ਦਾ ਮੁਲਾਂਕਣ ਕਰਨਾ।** *ਤੁਸੀਂ ਕਿਸੇ ਦੇਸ਼ ਵਿੱਚ ਅਜਿਹੀ ਕੰਪਨੀ ਨਾਲ ਵਪਾਰ ਕਰਨ ਬਾਰੇ ਸੋਚ ਰਹੇ ਹੋ ਜਿਸ ਨਾਲ ਅਸੀਂ ਪਹਿਲਾਂ ਕਦੇ ਕੰਮ ਨਹੀਂ ਕੀਤਾ ਹੈ। ਤੁਸੀਂ ਕੁਝ ਖੋਜ ਕਰਕੇ ਇਹ ਯਕੀਨੀ ਬਣਾਉਂਦੇ ਹੋ ਕਿ ਉਹ ਨਾਮਵਰ ਹਨ। ਅੱਗੇ ਵਧਣ ਲਈ ਤਿਆਰ?* ਅਜੇ ਨਹੀਂ। ਕੁਝ ਦੇਸ਼ ਹਨ ਜਿਨ੍ਹਾਂ ਨਾਲ ਸਾਨੂੰ ਕਾਰੋਬਾਰ ਕਰਨ ਦੀ ਆਗਿਆ ਨਹੀਂ ਹੈ, ਅਤੇ ਰਾਜਨੀਤੀ ’ਤੇ ਨਿਰਭਰ ਕਰਨ ਅਨੁਸਾਰ, ਉਹ ਬਦਲਦੇ ਰਹਿੰਦੇ ਹਨ। ਵਰਜਿਤ ਦੇਸ਼ਾਂ ਦੀ ਨਵੀਨਤਮ ਸੂਚੀ ਲਈ ਸਾਡੀ ਨੀਤੀ ਦੀ ਜਾਂਚ ਕਰੋ। ਇਹ ਜੇਲ੍ਹ, ਜੁਰਮਾਨਿਆਂ, ਜਾਂ ਨਿਰਯਾਤ ਕਰਨ ਦੀ ਯੋਗਤਾ ਗੁਆਉਣ ਤੋਂ ਬਚਾਉਣ ਵਿੱਚ ਮਦਦ ਕਰਦਾ ਹੈ। ਤੁਹਾਨੂੰ ਇਹ ਯਕੀਨੀ ਬਣਾਉਣ ਲਈ ਵੀ ਸਾਡੀ ਵਿਕਰੇਤਾ ਪੜਤਾਲ ਪ੍ਰਕਿਰਿਆ ਦੀ ਪਾਲਣਾ ਕਰਨ ਦੀ ਜ਼ਰੂਰਤ ਹੈ ਕਿ ਵਿਕਰੇਤਾ ਸਾਡੀਆਂ ਮੂਲ ਕਦਰਾਂ-ਕੀਮਤਾਂ ਦੀ ਪਾਲਣਾ ਕਰੇਗਾ, ਕੰਪਨੀ ਦੀ ਜਾਣਕਾਰੀ ਦੀ ਰੱਖਿਆ ਕਰੇਗਾ, ਰਿਸ਼ਵਤ ਤੋਂ ਬਚੇਗਾ, ਅਤੇ ਮੁਕਾਬਲੇਬਾਜ਼ਾਂ ਦੇ ਨਾਲ ਉਚਿਤ ਤਰੀਕੇ ਨਾਲ ਕੰਮ ਕਰੇਗਾ।

**ਅਸੀਂ ਸਾਰੇ ਲਾਗੂ ਵਪਾਰਕ ਕਾਨੂੰਨਾਂ ਅਤੇ ਅਧਿਨਿਯਮਾਂ ਦੀ ਪਾਲਣਾ ਕਰਦੇ ਹਾਂ।**



## ਗਲਤ ਤਰੀਕਾ।

ਬਾਈਕਾਟਾਂ ਨੂੰ ਅਣਡਿੱਠ ਕਰਨਾ। *ਤੁਸੀਂ ਇਹ ਪੁੱਛਦੀ ਇੱਕ ਈਮੇਲ ਪ੍ਰਾਪਤ ਕਰਦੇ ਹੋ ਕਿ ਕੁਝ ਉਤਪਾਦ ਇਜ਼ਰਾਈਲ ਤੋਂ ਪ੍ਰਾਪਤ ਨਹੀਂ ਕੀਤੇ ਜਾ ਸਕਦੇ ਕਿਉਂਕਿ ਉਹਨਾਂ ਨੂੰ ਈਰਾਨ ਜਾਣ ਵਾਲੇ ਵਾਹਨਾਂ ਵਿੱਚ ਭੇਜਿਆ ਜਾਵੇਗਾ। ਤੁਹਾਨੂੰ ਪਤਾ ਹੈ ਕਿ ਅਸੀਂ ਈਰਾਨ ਨੂੰ ਵੇਚ ਨਹੀਂ ਸਕਦੇ ਕਿਉਂਕਿ ਇਹ ਮਨਜ਼ੂਰਸ਼ੁਦਾ ਦੇਸ਼ ਹੈ, ਇਸ ਲਈ ਤੁਸੀਂ ਆਰਡਰ ਨੂੰ ਰੱਦ ਕਰਨ ਲਈ ਆਪਣੇ ਸੰਦੇਸ਼ ਦਾ ਖਰੜਾ ਤਿਆਰ ਕਰਦੇ ਹੋ ਅਤੇ "ਭੇਜੋ" ਬਟਨ 'ਤੇ ਕਲਿੱਕ ਕਰਨ ਲਈ ਤਿਆਰ ਹੋ। ਕੀ ਅੱਗੇ ਵਧਣਾ ਠੀਕ ਹੈ?* ਨਹੀਂ, ਰੁਕ ਜਾਓ। ਤੁਸੀਂ ਸਹੀ ਹੋ, ਪਰ ਤੁਹਾਨੂੰ ਹੋਰ ਵੀ ਕਈ ਕੁਝ ਕਰਨ ਦੀ ਲੋੜ ਹੈ। ਸਾਨੂੰ ਬਾਈਕਾਟ ਨਾਲ ਸੰਬੰਧਿਤ ਕਿਸੇ ਵੀ ਬੇਨਤੀ ਦੀ ਰਿਪੋਰਟ ਯੂ.ਐੱਸ. ਸਰਕਾਰ ਨੂੰ ਕਰਨ ਦੀ ਜ਼ਰੂਰਤ ਹੈ, ਭਾਵੇਂ ਅਸੀਂ ਬੇਨਤੀ ਦੀ ਪਾਲਣਾ ਨਹੀਂ ਵੀ ਕਰਦੇ। ਇਜ਼ਰਾਈਲ ਬਾਰੇ ਬੇਨਤੀ ਇੱਕ ਬਾਈਕਾਟ ਬੇਨਤੀ ਵਜੋਂ ਯੋਗਤਾ ਪੂਰੀ ਕਰਦੀ ਹੈ। ਸਹਾਇਤਾ ਲਈ ਤੁਰੰਤ ਕਾਨੂੰਨ ਵਿਭਾਗ ਨਾਲ ਸੰਪਰਕ ਕਰੋ।

## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

**ਨਿਮਨਲਿਖਤ ਕਾਰਨਾਂ ਕਰਕੇ, ਅੰਤਰਰਾਸ਼ਟਰੀ ਪੱਧਰ 'ਤੇ ਵਪਾਰ ਕਰਦੇ ਸਮੇਂ, ਅੰਤਰਰਾਸ਼ਟਰੀ ਵਪਾਰ ਟੀਮ ਨਾਲ ਕੰਮ ਕਰੋ:**

- ਅੰਤਰਰਾਸ਼ਟਰੀ ਲੈਣ-ਦੇਣ ਨੂੰ ਪੂਰੀ ਤਰ੍ਹਾਂ ਅਤੇ ਸਟੀਕਤਾ ਨਾਲ ਦਸਤਾਵੇਜ਼ਬੱਧ ਕਰਨ ਲਈ।
- ਸਾਡੇ ਉਤਪਾਦਾਂ ਨੂੰ ਨਿਰਯਾਤ ਜਾਂ ਦੁਬਾਰਾ ਨਿਰਯਾਤ ਕਰਨ ਤੋਂ ਪਹਿਲਾਂ ਲੋੜੀਂਦੇ ਲਾਇਸੈਂਸ ਪ੍ਰਾਪਤ ਕਰਨ ਲਈ।
- ਸਾਰੀਆਂ ਤੀਜੀ ਪਾਰਟੀਆਂ ਨੂੰ ਸਹੀ ਤਰ੍ਹਾਂ ਜਾਂਚਣ ਅਤੇ ਪੁਣਛਾਣ ਕਰਨ ਲਈ।

## ਗੈਰਾਜ




# ਸਾਡੇ ਗਾਹਕਾਂ ਅਤੇ ਭਾਈਚਾਰਿਆਂ ਦੀ ਦੇਖਭਾਲ ਕਰਨਾ

ਸਾਡੀਆਂ ਸਾਰੀਆਂ ਪ੍ਰਾਪਤੀਆਂ 'ਤੇ ਓਨਾ ਮਾਣ ਕਰਦੇ ਹੋਏ ਜਿੰਨਾ ਅਸੀਂ ਕਰਦੇ ਹਾਂ, ਅਸੀਂ ਹਮੇਸ਼ਾ ਆਉਣ ਵਾਲੇ ਕੱਲ੍ਹ ਨੂੰ - ਆਪਣੇ ਗਾਹਕਾਂ, ਸਾਡੀ ਕੰਪਨੀ ਅਤੇ ਸਾਡੇ ਭਾਈਚਾਰੇ ਲਈ ਬਿਹਤਰ ਬਣਾਉਣ ਦਾ ਟੀਚਾ ਰੱਖਦੇ ਹਾਂ। ਅਹਿਸਾਨ ਮੋੜਕੇ ਅਤੇ ਅੱਗੇ ਆਉਣ ਵਾਲੀ ਚੀਜ਼ ਦੀ ਸਿਰਜਣਾ 'ਤੇ ਧਿਆਨ ਕੇਂਦਰਿਤ ਕਰਕੇ - ਅਸੀਂ ਆਉਣ ਵਾਲੇ ਕੱਲ੍ਹ ਦੀਆਂ ਮੁਸ਼ਕਿਲਾਂ ਨੂੰ ... ਅੱਜ ਹੀ ਹੱਲ ਕਰਦੇ ਹਾਂ।

## ਇਸ ਸੈਕਸ਼ਨ ਵਿੱਚ:


- ਸੁਰੱਖਿਅਤ, ਗੁਣਵੱਤਾ ਵਾਲੇ ਉਤਪਾਦ ਬਣਾਉਣਾ
- ਈਮਾਨਦਾਰੀ ਨਾਲ ਮਾਰਕੀਟਿੰਗ ਕਰਨਾ
- ਜ਼ਿੰਮੇਵਾਰਾਨਾ ਤਰੀਕੇ ਨਾਲ ਸੰਚਾਰ ਕਰਨਾ
- ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ
- ਵਾਤਾਵਰਣ ਦੀ ਰੱਖਿਆ ਕਰਨਾ
- ਭਾਈਚਾਰੇ ਨੂੰ ਵਾਪਸ ਦੇਣਾ

# ਸੁਰੱਖਿਅਤ, ਗੁਣਵੱਤਾ ਵਾਲੇ ਉਤਪਾਦ ਬਣਾਉਣਾ

### ਮੰਜ਼ਿਲ

ਗਾਹਕਾਂ ਨੂੰ ਸੁਰੱਖਿਅਤ, ਉੱਚ-ਗੁਣਵੱਤਾ ਦੇ ਉਤਪਾਦ ਪ੍ਰਦਾਨ ਕਰਨਾ ਜਦੋਂ ਵੀ ਉਹ Tenneco ਦੀ ਚੋਣ ਕਰਦੇ ਹਨ।

### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਅਸੀਂ ਉਤਪਾਦ ਦੀ ਗੁਣਵੱਤਾ ਅਤੇ ਸੁਰੱਖਿਆ ਦੀ ਗਹਿਰਾਈ ਨਾਲ ਪਰਵਾਹ ਕਰਦੇ ਹਾਂ, ਇਸ ਲਈ ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਸਾਡੇ ਉਤਪਾਦ ਸਾਡੇ ਆਪਣੇ ਅੰਦਰੂਨੀ ਮਾਪਦੰਡਾਂ ਦੇ ਨਾਲ-ਨਾਲ, ਕਾਨੂੰਨਾਂ ਅਤੇ ਅਧਿਨਿਯਮਾਂ ਦੁਆਰਾ ਨਿਰਧਾਰਤ ਮਾਪਦੰਡਾਂ ਨੂੰ ਵੀ ਇਹਨਾਂ ਦੇ ਲਾਗੂ ਹੋਣ ਸਾਰ ਪੂਰਾ ਕਰਦੇ ਹਨ (ਜਾਂ ਇਸ ਤੋਂ ਵੀ ਅੱਗੇ ਜਾਂਦੇ ਹਨ)।

ਗੁਣਵੱਤਾ ਅਤੇ ਸੁਰੱਖਿਆ 'ਤੇ ਧਿਆਨ ਕੇਂਦਰਿਤ ਕਰਕੇ, ਅਸੀਂ ਅਜਿਹੇ ਉਤਪਾਦ ਪ੍ਰਦਾਨ ਕਰਦੇ ਹਾਂ ਜਿਨ੍ਹਾਂ ਉੱਤੇ ਗਾਹਕ ਭਰੋਸਾ ਕਰ ਸਕਦੇ ਹਨ ਅਤੇ ਇੱਕ ਨਾਮ ਜਿਸ 'ਤੇ ਉਹ ਵਿਸ਼ਵਾਸ ਕਰ ਸਕਦੇ ਹਨ।

## ਨੈਤਿਕ ਵਿਵਹਾਰ ਦਾ ਰੇਲ ਮਾਡਲ।

**ਗੁਣਵੱਤਾ ਅਤੇ ਸੁਰੱਖਿਆ 'ਤੇ ਜ਼ੋਰ ਦੇਣਾ।** *ਕੋਈ ਤੁਹਾਨੂੰ ਸੁਝਾਅ ਦਿੰਦਾ ਹੈ ਕਿ ਕੁਝ ਉਤਪਾਦਾਂ ਨੂੰ ਸਮੇਂ ਸਿਰ ਭੇਜਣ ਲਈ ਤੁਸੀਂ ਪ੍ਰੀ-ਪ੍ਰੋਡਕਸ਼ਨ ਪ੍ਰਵਾਨਗੀ ਪ੍ਰਕਿਰਿਆ ਨੂੰ ਛੱਡ ਦਿਓ। ਜੇ ਤੁਸੀਂ ਅਜਿਹਾ ਨਹੀਂ ਕਰਦੇ, ਤਾਂ ਤੁਹਾਡੀ ਟੀਮ ਸਮਾਂ-ਸਾਰਣੀ ਤੋਂ ਪਿੱਛੇ ਹੋ ਜਾਵੇਗੀ। ਤੁਸੀਂ ਫਿਰ ਵੀ ਬੋਲਦੇ ਹੋ। ਸਹੀ ਚੋਣ?* ਇਹ ਸੀ। ਅਸੀਂ ਕਦੇ ਵੀ ਕਿਸੇ ਸਮਾਂ-ਸੀਮਾ ਜਾਂ ਟੀਚੇ ਨੂੰ ਪੂਰਾ ਕਰਨ ਲਈ ਗੁਣਵੱਤਾ ਦਾ ਤਿਆਗ ਨਹੀਂ ਕਰਦੇ। ਆਵਾਜ਼ ਉਠਾਕੇ ਸਮੱਸਿਆ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ, ਜੋ ਸਾਡੇ ਗਾਹਕਾਂ ਅਤੇ ਸਾਡੀ ਕੰਪਨੀ ਦੀ ਰੱਖਿਆ ਕਰਦਾ ਹੈ ਅਤੇ ਸਾਡੇ ਹਮੇਸ਼ਾ ਇਮਾਨਦਾਰੀ ਨਾਲ ਕੰਮ ਕਰਨ ਦੀ ਪ੍ਰਤੀਬੱਧਤਾ ਵਾਲੇ ਮੁੱਲ ਨੂੰ ਬਰਕਰਾਰ ਰੱਖਦਾ ਹੈ।

## ਸਾਵਧਾਨੀ।

**ਜੇ ਕੁਝ ਤੁਹਾਨੂੰ ਪਤਾ ਚਲਦਾ ਹੈ, ਉਸ ਦੀ ਰਿਪੋਰਟ ਕਰਨਾ।** *ਤੁਹਾਨੂੰ ਪਤਾ ਚਲਦਾ ਹੈ ਕਿ ਪਿਛਲੀ ਸ਼ਿਫਟ ਤੋਂ ਬਾਅਦ ਇੱਕ ਮਸ਼ੀਨ ਦੀ ਜਾਂਚ ਨਹੀਂ ਕੀਤੀ ਗਈ ਸੀ। ਤੁਸੀਂ ਇਹ ਯਕੀਨੀ ਬਣਾਉਣ ਲਈ ਮਸ਼ੀਨ ਦੀ ਦੁਬਾਰਾ ਜਾਂਚ ਕਰਦੇ ਹੋ ਕਿ ਇਹ ਸਹੀ ਤਰ੍ਹਾਂ ਕੰਮ ਕਰ ਰਹੀ ਹੈ। ਸਹੀ ਤਰੀਕਾ?* ਹਾਂ, ਪਰ ਇਸ ਬਾਰੇ ਆਪਣੇ ਮੈਨੇਜਰ ਨੂੰ ਰਿਪੋਰਟ ਕਰਨੀ ਵੀ ਯਕੀਨੀ ਬਣਾਓ। ਇਹ ਯਕੀਨੀ ਬਣਾਉਣਾ ਕੰਪਨੀ ਵਿੱਚ ਹਰੇਕ ਦਾ ਕੰਮ ਹੈ ਕਿ ਨਿਰਮਿਤ ਉਤਪਾਦ ਲਈ ਲੋੜੀਂਦੇ ਵਿਵਰਣਾਂ ਦੀ ਤਾਮੀਲ ਕਰਦੇ ਹੋਣ, ਅਤੇ ਇਹ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਕਿ ਸਾਡੇ ਉਤਪਾਦ ਗਾਹਕਾਂ ਲਈ ਸੁਰੱਖਿਅਤ ਹਨ।

## ਗਲਤ ਤਰੀਕਾ।

**ਖਰਚ ਘੱਟ ਕਰਨਾ।** *ਤੁਹਾਨੂੰ ਅਹਿਸਾਸ ਹੋਇਆ ਹੈ ਕਿ ਕਿਸੇ ਉਤਪਾਦ ਉੱਤੇ ਜੋ ਟੈਸਟ ਅਸੀਂ ਕਰਦੇ ਹਾਂ ਉਹਨਾਂ ਵਿੱਚੋਂ ਕੋਈ ਇੱਕ ਉਤਪਾਦਨ ਲਾਈਨ ਵਿੱਚ ਅੱਗੇ ਜਾਕੇ ਦੁਬਾਰਾ ਕੀਤਾ ਜਾਂਦਾ ਹੈ, ਇਸ ਲਈ ਤੁਸੀਂ ਡਿਲੀਵਰੀ ਦੀ ਗਤੀ ਤੇਜ਼ ਕਰਨ ਲਈ ਪਹਿਲੇ ਟੈਸਟ ਨੂੰ ਛੱਡ ਦਿੰਦੇ ਹੋ। ਚੁਸਤ ਸੋਚਣੀ?* ਬਿਲਕੁਲ ਨਹੀਂ। ਲੋੜੀਂਦੇ ਟੈਸਟ ਨੂੰ ਛੱਡਣਾ ਕਦੇ ਵੀ ਠੀਕ ਨਹੀਂ ਹੁੰਦਾ। ਜੇ ਚੀਜ਼ਾਂ ਨੂੰ ਤੇਜ਼ ਕਰਨ ਲਈ ਤੁਹਾਡੇ ਕੋਈ ਸੁਝਾਅ ਹਨ, ਤਾਂ ਉਹਨਾਂ ਨੂੰ ਸਾਂਝਾ ਕਰੋ। ਪਰ ਜਦੋਂ ਤਕ ਤੁਹਾਡੇ ਫੁਰਨਿਆਂ ਨੂੰ ਪ੍ਰਵਾਨਗੀ ਨਹੀਂ ਮਿਲ ਜਾਂਦੀ, ਤਦ ਤੱਕ ਯੋਜਨਾ 'ਤੇ ਅਡਿੱਗ ਰਹੋ। ਨਹੀਂ ਤਾਂ, ਤੁਸੀਂ ਸਾਡੇ ਗਾਹਕਾਂ ਦੀ ਸੁਰੱਖਿਆ ਨੂੰ ਜੋਖਮ ਵਿੱਚ ਪਾਉਂਦੇ ਹੋ।

## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਗੁਣਵੱਤਾ ਅਤੇ ਸੁਰੱਖਿਆ ਦੇ ਸੰਬੰਧ ਵਿੱਚ ਵਾਧੂ ਸੁਝਾਅ:

- ਨਵੇਂ ਅਧਿਨਿਯਮਾਂ ਲਈ ਸੁਚੇਤ ਰਹੋ ਅਤੇ ਲੋੜ ਪੈਣ 'ਤੇ ਪ੍ਰਮਾਣਿਕਤਾ ਹਾਸਲ ਕਰੋ।
- ਇਹ ਯਕੀਨੀ ਬਣਾਓ ਕਿ ਸਾਰੇ ਵਿਕਰੇਤਾ ਸਾਡੀਆਂ ਲੋੜਾਂ ਨੂੰ ਪੂਰਾ ਕਰਦੇ ਹਨ ਜਾਂ ਇਹਨਾਂ ਲੋੜਾਂ ਤੋਂ ਵੀ ਵਧਕੇ ਪ੍ਰਦਰਸ਼ਨ ਕਰਦੇ ਹਨ।
- ਕਿਸੇ ਵੀ ਉਲੰਘਣਾਵਾਂ ਜਾਂ ਕਿਸੇ ਵੀ ਖਤਰਿਆਂ ਦੀ ਰਿਪੋਰਟ ਕਰੋ ਜੋ ਤੁਸੀਂ ਸਾਡੇ ਉਤਪਾਦਾਂ ਦੀ ਹਿਫਾਜ਼ਤ ਅਤੇ ਸੁਰੱਖਿਆ ਨੂੰ ਦਰਪੇਸ਼ ਸਮਝਦੇ ਹੋ।

ਉਤਪਾਦਾਂ ਨਾਲ ਛੇੜਛਾੜ ਕਰਨਾ ਸੰਭਾਵਿਤ ਤੌਰ 'ਤੇ ਖ਼ਤਰਨਾਕ ਅਤੇ ਗੈਰਕਾਨੂੰਨੀ ਹੈ, ਅਤੇ ਇਹ ਸਾਡੇ ਜ਼ਾਬਤੇ ਦੀ ਉਲੰਘਣਾ ਹੈ। ਇਹ ਮਹੱਤਵਪੂਰਨ ਹੈ ਕਿ ਅਸੀਂ ਇਸਦੇ ਤਲ ਤੱਕ ਪਹੁੰਚਦੇ ਹਾਂ।

## ਗੈਰਾਜ



# ਈਮਾਨਦਾਰੀ ਨਾਲ ਮਾਰਕੀਟਿੰਗ ਕਰਨਾ

### ਮੰਜ਼ਿਲ

ਸਾਡੀ ਸਾਖ ਅਤੇ ਬ੍ਰਾਂਡ ਦਾ ਨਿਰਮਾਣ ਕਰਨਾ।

### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ


ਅਸੀਂ ਸਭ ਕੁਝ ਈਮਾਨਦਾਰੀ ਨਾਲ ਕਰਦੇ ਹਾਂ - ਅਤੇ ਇਸ ਵਿੱਚ ਸਾਡੇ ਉਤਪਾਦਾਂ ਦੀ ਮਾਰਕੀਟਿੰਗ ਅਤੇ ਇਸ਼ਤਿਹਾਰਬਾਜ਼ੀ ਸ਼ਾਮਲ ਹੈ। ਇਸ਼ਤਿਹਾਰਬਾਜ਼ੀ ਵਿੱਚ ਈਮਾਨਦਾਰੀ ਦਾ ਅਰਥ ਹੈ ਕਿ ਅਸੀਂ ਆਪਣੇ ਉਤਪਾਦਾਂ ਬਾਰੇ ਸਟੀਕ, ਨਿਰਪੱਖ, ਸੰਤੁਲਿਤ ਜਾਣਕਾਰੀ ਪ੍ਰਦਾਨ ਕਰਦੇ ਹਾਂ। ਇਹ ਯਕੀਨੀ ਬਣਾਕੇ ਕਿ ਸਾਡੇ ਉਤਪਾਦਾਂ ਬਾਰੇ ਸਾਰੇ ਦਾਅਵੇ ਸੱਚ ਹਨ ਅਤੇ ਤੱਥਾਂ ਦੁਆਰਾ ਸਮਰਥਿਤ ਹਨ, ਅਸੀਂ ਗਾਹਕਾਂ ਦੇ ਵਿਸ਼ਵਾਸ ਨੂੰ ਵਧਾਉਂਦੇ ਹਾਂ ਅਤੇ ਆਪਣੇ ਬ੍ਰਾਂਡ ਨੂੰ ਮਜ਼ਬੂਤ ਕਰਦੇ ਹਾਂ।

## ਨੈਤਿਕ ਵਿਵਹਾਰ ਦਾ ਰੋਲ ਮਾਡਲ।

ਉਤਪਾਦਾਂ ਦੇ ਦਾਅਵੇ ਕਰਨਾ। *ਤੁਸੀਂ ਇਸ਼ਤਿਹਾਰ ਦੇਣਾ ਚਾਹੁੰਦੇ ਹੋ ਕਿ ਸਾਡਾ ਨਵਾਂ ਉਤਪਾਦ ਮੁਕਾਬਲੇਬਾਜ਼ ਉਤਪਾਦਾਂ ਨਾਲੋਂ ਵਧੀਆ ਹੈ ਅਤੇ ਇਹ ਮੁਕਾਬਲੇ ਦੇ ਉਤਪਾਦਾਂ ਨਾਲੋਂ 20% ਵਧੀਆ ਪ੍ਰਦਰਸ਼ਨ ਕਰਦਾ ਹੈ। ਹਾਲਾਂਕਿ ਤੁਹਾਨੂੰ ਇੱਕ ਵੱਡੇ ਟ੍ਰੇਡ ਸ਼ੋਅ ਤੋਂ ਪਹਿਲਾਂ ਹੀ ਇਸ਼ਤਿਹਾਰ ਜਾਰੀ ਕਰਨ ਦੀ ਜ਼ਰੂਰਤ ਹੈ, ਪਰ ਤੁਸੀਂ ਇਸ਼ਤਿਹਾਰ ਲਾਂਚ ਕਰਨ ਤੋਂ ਪਹਿਲਾਂ ਤੁਲਨਾਤਮਕ ਜਾਂਚ ਕਰਨ ਲਈ ਸਾਡੇ ਇੰਜੀਨੀਅਰਾਂ ਨਾਲ ਮਿਲਕੇ ਕੰਮ ਕਰਨ ਲਈ ਸਮਾਂ ਲੈਂਦੇ ਹੋ। ਚੰਗਾ ਫੈਸਲਾ?* ਪੂਰੀ ਤਰ੍ਹਾਂ। ਅਸੀਂ ਆਪਣੇ ਉਤਪਾਦਾਂ ਦੀ ਕਾਰਗੁਜ਼ਾਰੀ ਬਾਰੇ ਝੂਠੇ ਜਾਂ ਸਬੂਤ-ਰਹਿਤ ਦਾਅਵੇ ਨਹੀਂ ਕਰਦੇ। ਦਾਅਵਿਆਂ ਨੂੰ ਸਾਬਤ ਕਰਨ ਲਈ ਅਕਸਰ ਨਿਰਪੱਖ ਟੈਸਟ ਕਰਵਾਉਣ ਦੀ ਲੋੜ ਪੈਂਦੀ ਹੈ, ਇਸ ਲਈ ਜੋ ਦਾਅਵਾ ਤੁਸੀਂ ਕਰਨਾ ਚਾਹੁੰਦੇ ਹੋ ਉਸਦੇ ਸਬੂਤ ਦੇਣ ਲਈ ਲੋੜੀਂਦੀ ਕਿਸਮ ਦੇ ਟੈਸਟਾਂ ਨੂੰ ਸਮਝਣ ਲਈ ਕਨੂੰਨ ਵਿਭਾਗ ਨਾਲ ਮਿਲਕੇ ਕੰਮ ਕਰੋ।

## ਸਾਵਧਾਨੀ।

ਸਾਡੇ ਨਾਮ ਨੂੰ ਪਾਕ-ਸਾਫ਼ ਕਰਨਾ। *ਮੁਕਾਬਲੇਬਾਜ਼ ਕੰਪਨੀ ਨੇ ਸਾਡੇ ਉਤਪਾਦਾਂ ਬਾਰੇ ਜੋ ਦਾਅਵੇ ਕੀਤੇ ਹਨ ਉਹ ਸਹੀ ਨਹੀਂ ਹਨ। ਤੁਸੀਂ ਆਪਣੀ ਟੀਮ ਨੂੰ ਵਧੇਰੇ ਸਟੀਕ, ਨਿਰਪੱਖ ਅਤੇ ਸੰਤੁਲਤ ਜਾਣਕਾਰੀ ਵਾਲਾ ਇਸ਼ਤਿਹਾਰ ਦੇਣ ਲਈ ਬੋਲਦੇ ਹੋ। ਸਹੀ ਚਾਲ?* ਹਾਂ, ਇਸ ਨੂੰ ਸਹੀ ਕਰਨ ਲਈ ਇਹ ਇੱਕ ਮਹੱਤਵਪੂਰਨ ਪਲ ਹੈ। ਪਰ ਕਾਨੂੰਨ ਵਿਭਾਗ ਨਾਲ ਗੱਲ ਕਰਨਾ ਯਕੀਨੀ ਬਣਾਓ। ਸਾਡੇ ਉਤਪਾਦਾਂ ਬਾਰੇ ਝੂਠੇ ਦਾਅਵੇ ਕਰਨਾ ਅਨੈਤਿਕ ਹੈ ਅਤੇ ਇਸ ਦੇ ਖਿਲਾਫ ਲੜਨ ਲਈ ਅਸੀਂ ਹੋਰ ਵੀ ਕਈ ਕੁਝ ਕਰ ਸਕਦੇ ਹਾਂ।



## ਗਲਤ ਤਰੀਕਾ।

ਗੈਰ-ਪ੍ਰਮਾਣਿਤ ਜਾਣਕਾਰੀ ਦੇਣਾ। *ਤੁਸੀਂ ਪ੍ਰਚਾਰ ਸਮੱਗਰੀ ਬਣਾ ਰਹੇ ਹੋ ਅਤੇ ਸਾਡੇ ਉਤਪਾਦਾਂ ਵਿੱਚੋਂ ਕਿਸੇ ਦੇ ਸੰਭਾਵੀ ਲਾਭ ਨੂੰ ਉਜਾਗਰ ਕਰਨਾ ਚਾਹੁੰਦੇ ਹੋ। ਅਜੇ ਇਸ ਨੂੰ ਜ਼ਿਕਰਯੋਗ ਖੋਜ ਦੁਆਰਾ ਸਮਰਥਿਤ ਨਹੀਂ ਕੀਤਾ ਗਿਆ ਹੈ, ਪਰ ਇੱਕ ਅਧਿਐਨ ਚੱਲ ਰਿਹਾ ਹੈ ਅਤੇ ਨਤੀਜੇ, ਹੁਣ ਤੱਕ ਚੰਗੇ ਰਹੇ ਹਨ, ਇਸ ਲਈ ਤੁਸੀਂ ਇਸ ਨੂੰ ਫੇਰ ਵੀ ਸ਼ਾਮਲ ਕਰ ਲੈਂਦੇ ਹੋ। ਤੁਸੀਂ ਬਹੁਤ ਚੁਸਤ ਹੋ, ਹੈ ਨਾ?* ਨਹੀਂ। ਅਸੀਂ ਹਮੇਸ਼ਾਂ ਪੂਰੀ ਜਾਣਕਾਰੀ ਪ੍ਰਦਾਨ ਕਰਕੇ ਆਪਣੇ ਗਾਹਕਾਂ (ਅਤੇ ਸਾਡੇ ਬ੍ਰਾਂਡ) ਦੀ ਰੱਖਿਆ ਕਰਦੇ ਹਾਂ। ਅਧਿਐਨ ਪੂਰਾ ਹੋਣ ਤੱਕ ਉਡੀਕ ਕਰੋ ਅਤੇ ਇਸ਼ਤਿਹਾਰਾਂ ਵਿੱਚ ਇਸ ਦੀ ਵਰਤੋਂ ਕਰਨ ਤੋਂ ਪਹਿਲਾਂ ਦਾਅਵਿਆਂ ਦੀ ਤਸਦੀਕ ਕੀਤੀ ਜਾ ਸਕਦੀ ਹੈ।

## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਦਿਮਾਗ ਵਿੱਚ ਰੱਖਣ ਲਈ ਕੋਈ ਹੋਰ ਚੀਜ਼?

ਜਦੋਂ ਦਾਅਵਿਆਂ ਦੀ ਤਸਦੀਕ ਕਰਨ, ਮਾਰਕੀਟਿੰਗ ਸਮੱਗਰੀ ਦੀ ਸਮੀਖਿਆ ਕਰਨ, ਜਾਂ ਸਾਡੇ ਵੱਲੋਂ ਹਵਾਲਾ ਦਿੱਤੇ ਜਾਂਦੇ ਸਰੋਤਾਂ ਦੀ ਸਟੀਕਤਾ ਦੀ ਗੱਲ ਆਉਂਦੀ ਹੈ – ਤਾਂ ਜਾਂਚ ਕਰੋ ਅਤੇ ਫੇਰ ਦੁਬਾਰਾ ਜਾਂਚ ਕਰੋ।

## ਗੈਰਾਜ



# ਜ਼ਿੰਮੇਵਾਰਾਨਾ ਤਰੀਕੇ ਨਾਲ ਸੰਚਾਰ ਕਰਨਾ

### ਮੰਜ਼ਿਲ

ਸਾਡੀ ਕੰਪਨੀ ਬਾਰੇ ਸਪੱਸ਼ਟ ਅਤੇ ਟਿਕਾਊ ਸੰਦੇਸ਼ ਭੇਜਣਾ।

### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਸਾਡੇ ਕੋਲ ਸਾਂਝੀਆਂ ਕਰਨ ਲਈ ਬਹੁਤ ਸਾਰੀਆਂ ਮਸ਼ਹੂਰ ਕਹਾਣੀਆਂ ਹਨ। ਵਾਪਸ ਦੇਣ, ਗਾਹਕਾਂ ਦੀ ਮਦਦ ਕਰਨ ਅਤੇ ਕਾਢਕਾਰੀ ਹੱਲ ਸਿਰਜਣ ਦੀਆਂ ਕਹਾਣੀਆਂ। ਇਹ ਸਾਨੂੰ ਮਾਣ-ਮੱਤੇ ਮਹਿਸੂਸ ਕਰਵਾਉਂਦੀਆਂ ਹਨ, ਅਤੇ ਅਸੀਂ ਚਾਹੁੰਦੇ ਹਾਂ ਕਿ ਸੰਸਾਰ ਉਹਨਾਂ ਨੂੰ ਜਾਣੇ।

ਇਹੀ ਕਾਰਨ ਹੈ ਕਿ ਸਾਡੇ ਕੋਲ ਟੀਮ ਦੇ ਉਹ ਮੈਂਬਰ ਹਨ ਜੋ Tenneco ਦੀ ਤਰਫੋਂ ਗੱਲਬਾਤ ਕਰਨ ਨੂੰ ਆਪਣਾ ਕੰਮ ਬਣਾਉਂਦੇ ਹਨ। ਉਹ ਅਜਿਹੇ ਤਰੀਕਿਆਂ ਨਾਲ ਇਸਨੂੰ ਕਰਦੇ ਹਨ ਜੋ ਟਿਕਾਊ, ਸਟੀਕ ਅਤੇ ਸੰਪੂਰਨ ਹਨ।

ਆਪਣੀ ਭੂਮਿਕਾ ਨਿਭਾਉਣ ਲਈ, ਤੁਹਾਨੂੰ ਉਹਨਾਂ ਦੀ ਭੂਮਿਕਾ ਵਿੱਚ ਉਹਨਾਂ ਦੀ ਸਹਾਇਤਾ ਕਰਨੀ ਪਵੇਗੀ। ਸਾਰੀਆਂ ਮੀਡੀਆ ਪੁੱਛਗਿੱਛਾਂ ਨੂੰ ਕਮਿਊਨੀਕੇਸ਼ਨਜ਼ ਟੀਮ ਕੋਲ ਅੱਗੇ ਭੇਜੋ। ਜੋ ਕੁਝ ਤੁਸੀਂ ਔਨਲਾਈਨ ਪੋਸਟ ਕਰਦੇ ਹੋ ਉਸ ਲਈ ਨਿੱਜੀ ਜ਼ਿੰਮੇਵਾਰੀ ਲਓ, ਅਤੇ ਜੇ ਤੁਹਾਨੂੰ ਲਗਦਾ ਹੈ ਕਿ ਕੋਈ ਵਿਅਕਤੀ ਸਾਡੇ ਬ੍ਰਾਂਡ ਨੂੰ ਗਲਤ ਤਰੀਕੇ ਨਾਲ ਦਰਸਾ ਰਿਹਾ ਹੈ ਤਾਂ ਆਵਾਜ਼ ਉਠਾਓ।

### ਨੈਤਿਕ ਵਿਵਹਾਰ ਦਾ ਰੇਲ ਮਾਡਲ।

**ਇਹ ਜਾਣਨਾ ਕਿ ਤੁਸੀਂ ਕਿੱਥੇ ਜਾਣਾ ਹੈ।** *ਤੁਸੀਂ ਇੱਕ ਸੋਸ਼ਲ ਮੀਡੀਆ ਪੋਸਟ ਦੇਖਦੇ ਹੋ ਜੋ ਸਾਡੇ ਉਤਪਾਦਾਂ ਵਿੱਚੋਂ ਇੱਕ ਬਾਰੇ ਸ਼ਿਕਾਇਤ ਕਰਦੀ ਹੈ। ਤੁਹਾਨੂੰ ਪਤਾ ਹੈ ਕਿ ਤੁਸੀਂ ਜਵਾਬ ਦੇ ਕੇ ਇਸ ਨੂੰ ਜਲਦੀ ਹੱਲ ਕਰ ਸਕਦੇ ਹੋ। ਪਰ, ਤੁਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹੋ ਕਿ ਸਾਡੇ ਸੰਦੇਸ਼ ਟਿਕਾਊ ਹੋਣ, ਇਸ ਲਈ ਤੁਸੀਂ ਇਸ ਸ਼ਿਕਾਇਤ ਨੂੰ ਸਾਡੀ ਕਮਿਊਨੀਕੇਸ਼ਨਜ਼ ਅਤੇ ਮਾਰਕੀਟਿੰਗ ਟੀਮਾਂ ਕੋਲ ਭੇਜ ਦਿੰਦੇ ਹੋ। ਚੰਗੀ ਸੋਚ? ਹਾਂ,* ਸ਼ਿਕਾਇਤ ਅੱਗੇ ਭੇਜਣਾ ਹੀ ਅੱਗੇ ਵਧਣ ਦਾ ਸਹੀ ਤਰੀਕਾ ਹੈ।

### ਸਾਵਧਾਨੀ।

**ਜ਼ਿੰਮੇਵਾਰੀ ਨਾਲ ਪੋਸਟ ਕਰਨਾ।** *ਤੁਸੀਂ ਹੁਣੇ-ਹੁਣੇ ਰਿਲੀਜ਼ ਕੀਤੇ ਗਏ ਇੱਕ ਨਵੇਂ ਉਤਪਾਦ ਨੂੰ ਲੈਕੇ ਖੁਸ਼ ਹੋ ਅਤੇ ਇਸ ਬਾਰੇ ਸੋਸ਼ਲ ਮੀਡੀਆ 'ਤੇ ਪੋਸਟ ਕਰਨਾ ਚਾਹੁੰਦੇ ਹੋ। ਕੋਈ ਸਮੱਸਿਆ ਨਹੀਂ, ਠੀਕ ਹੈ?* ਸ਼ਾਇਦ ਨਹੀਂ। ਬੱਸ ਕੰਪਨੀ ਦੁਆਰਾ ਮਨਜ਼ੂਰ ਸਮੱਗਰੀ ਦੀ ਵਰਤੋਂ ਕਰਨਾ ਯਕੀਨੀ ਬਣਾਓ ਕਿਉਂਕਿ ਕਮਿਊਨੀਕੇਸ਼ਨਜ਼ ਟੀਮ ਇਹ ਯਕੀਨੀ ਬਣਾਉਣ ਲਈ ਕਠਿਨ ਮਿਹਨਤ ਕਰਦੀ ਹੈ ਕਿ ਅਸੀਂ ਆਪਣੇ ਉਤਪਾਦਾਂ ਬਾਰੇ ਜੋ ਕਹਿੰਦੇ ਹਾਂ ਉਹ ਸੱਚ ਹੈ। ਤੁਹਾਨੂੰ ਵੀ "ਕੰਪਨੀ ਨਾਲ ਆਪਣੇ ਸੰਬੰਧ ਬਾਰੇ ਦੱਸਣਾ ਚਾਹੀਦਾ ਹੈ," ਜੋ ਕਿ ਇਹ ਉਹਨਾਂ ਨੂੰ ਇਹ ਕਹਿਣ ਦਾ ਇੱਕ ਟੇਢਾ ਤਰੀਕਾ ਹੈ ਕਿ ਤੁਸੀਂ ਇੱਥੇ ਕੰਮ ਕਰਦੇ ਹੋ। ਜਦੋਂ ਸ਼ੱਕ ਹੋਵੇ ਕਿ ਕੀ ਤੁਹਾਨੂੰ ਕੰਪਨੀ ਦੀ ਤਰਫੋਂ ਬੋਲਣਾ ਚਾਹੀਦਾ ਹੈ, ਤਾਂ ਮਦਦ ਲਈ ਕਮਿਊਨੀਕੇਸ਼ਨਜ਼ ਟੀਮ ਨਾਲ ਸੰਪਰਕ ਕਰੋ।



## ਗਲਤ ਤਰੀਕਾ।

ਅਣਉਚਿਤ ਜਾਣਕਾਰੀ ਨੂੰ ਸਾਂਝਾ ਕਰਨਾ। *ਮੀਡੀਆ ਨੇ ਤੁਹਾਡੇ ਨਾਲ ਇੱਕ ਨਵੇਂ ਉਤਪਾਦ ਦੇ ਲਾਂਚ ਬਾਰੇ ਇੱਕ ਅਫਵਾਹ ਸੰਬੰਧੀ ਤੁਹਾਡੇ ਨਾਲ ਸੰਪਰਕ ਕੀਤਾ ਹੈ। ਤੁਸੀਂ ਇਸ ਬਾਰੇ ਸੁਣਿਆ ਹੈ ਅਤੇ ਵਿਸ਼ਵਾਸ ਕਰਦੇ ਹੋ ਕਿ ਜੋ ਕੁਝ ਤੁਸੀਂ ਜਾਣਦੇ ਹੋ, ਉਸਨੂੰ ਸਾਂਝਾ ਕਰਨਾ ਸਾਨੂੰ ਚੰਗੇ ਦਿੱਖ ਪ੍ਰਦਾਨ ਕਰੇਗਾ। ਸਹੀ?* ਗਲਤ। ਮੀਡੀਆ ਨਾਲ ਗੱਲ ਕਰਨਾ ਪੇਸ਼ੇਵਰਾਂ ਲਈ ਛੱਡਣਾ ਹੀ ਵਧੀਆ ਹੈ। ਸਾਡੀ ਕਮਿਊਨੀਕੇਸ਼ਨਜ਼ ਟੀਮ ਜਾਣਦੀ ਹੈ ਕਿ ਜਾਣਕਾਰੀ ਨੂੰ ਸਾਂਝਾ ਕਰਨਾ ਕਦੋਂ ਉਚਿਤ ਹੁੰਦਾ ਹੈ – ਅਤੇ ਇਹ ਕਦੋਂ ਉਚਿਤ ਨਹੀਂ ਹੁੰਦਾ ਹੈ। ਅਫਵਾਹਾਂ ਗਲਤ ਹੋ ਸਕਦੀਆਂ ਹਨ, ਜਾਂ ਇਹਨਾਂ ਨੂੰ ਅੰਦਰਲੀ ਜਾਣਕਾਰੀ ਵਜੋਂ ਵੀ ਵਿਚਾਰਿਆ ਜਾ ਸਕਦਾ ਹੈ।



## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਕੋਈ ਹੋਰ ਸੋਸ਼ਲ ਮੀਡੀਆ ਨੁਕਤੇ?

- ਯਾਦ ਰੱਖੋ ਕਿ ਪਰੇਸ਼ਾਨ ਕਰਨ ਵਾਲੀਆਂ ਜਾਂ ਪੱਖਪਾਤੀ ਪੋਸਟਾਂ ਹਮੇਸ਼ਾ ਗਲਤ ਹੁੰਦੀਆਂ ਹਨ।
- ਜੋ ਕੁਝ ਤੁਸੀਂ ਪੋਸਟ ਕਰਦੇ ਹੋ ਤਾਂ ਉਸ ਲਈ ਜ਼ਿੰਮੇਵਾਰੀ ਲਓ - ਲੋਕਾਂ ਨੂੰ ਦੱਸੋ ਕਿ ਤੁਹਾਡੇ ਸ਼ਬਦ ਤੁਹਾਡੇ ਆਪਣੇ ਹਨ।
- Tenneco ਦੇ ਲੋਗੋ ਅਤੇ ਚਿੱਤਰਾਂ ਨੂੰ ਕਮਿਊਨੀਕੇਸ਼ਨਜ਼ ਟੀਮ ਦੀ ਪੂਰਵ ਮਨਜ਼ੂਰੀ ਦੇ ਬਿਨਾਂ ਨਾ ਬਦਲੋ।
- ਕਦੇ ਵੀ ਅਧਿਕਾਰਤ ਕੰਪਨੀ ਕਾਰੋਬਾਰਾਂ ਜਿਵੇਂ ਕਿ ਠੇਕਿਆਂ ਜਾਂ ਸਮਝੌਤਿਆਂ ਲਈ ਸੋਸ਼ਲ ਮੀਡੀਆ ਜਾਂ ਐਪਾਂ ਦੀ ਵਰਤੋਂ ਨਾ ਕਰੋ।

## ਗੈਰਾਜ

# ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ

## ਮੰਜ਼ਿਲ

ਜਿੱਥੇ ਕਿਤੇ ਅਸੀਂ ਕਾਰੋਬਾਰ ਕਰਦੇ ਹਾਂ, ਉਸ ਹਰ ਜਗ੍ਹਾ ਜਾਇਜ਼ ਰੁਜ਼ਗਾਰ ਰਵਾਇਤਾਂ ਨਾਲ ਕਾਰਜ ਕਰਨਾ ਅਤੇ ਇੱਕ ਟੀਮ ਵਜੋਂ ਇਕ ਦੂਜੇ ਦੀ ਦੇਖਭਾਲ ਕਰਨਾ।

## ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਸਾਹਮਣੇ ਵਾਲੇ ਦਫਤਰ ਤੋਂ ਸਾਡੀਆਂ ਨਿਰਮਾਣ ਲਾਈਨਾਂ ਤੱਕ, ਅਸੀਂ ਹਰ ਕਿਸੇ ਦੇ, ਹਰ ਜਗ੍ਹਾ ਮਨੁੱਖੀ ਅਧਿਕਾਰਾਂ ਨੂੰ ਅੱਗੇ ਵਧਾਉਣ ਨੂੰ ਤਰਜੀਹ ਦਿੰਦੇ ਹਾਂ।

ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਲਈ, ਸਾਡੀ ਵਚਨਬੱਧਤਾ ਸਿਰਫ ਨੈਤਿਕ ਤੌਰ 'ਤੇ ਕਾਰੋਬਾਰ ਕਰਨ ਤੋਂ ਵੀ ਅੱਗੇ ਜਾਂਦੀ ਹੈ - ਇਹ ਲੋਕਾਂ ਨਾਲ ਸ਼ਿਸ਼ਟਾਚਾਰ, ਬਰਾਬਰੀ, ਇੱਜ਼ਤ ਅਤੇ ਆਦਰ ਨਾਲ ਪੇਸ਼ ਆਉਣ ਦੀ ਸਾਡੀ ਵਚਨਬੱਧਤਾ ਹੈ। ਜਿਨ੍ਹਾਂ ਕੰਪਨੀਆਂ ਨਾਲ ਅਸੀਂ ਕੰਮ ਕਰਦੇ ਹਾਂ, ਉਹਨਾਂ ਤੋਂ ਵੀ ਅਸੀਂ ਇਹੋ ਉਮੀਦ ਕਰਦੇ ਹਾਂ।

ਇਸ ਸਭ ਵਿੱਚ ਤੁਹਾਡੀ ਕੀ ਭੂਮਿਕਾ ਹੈ? ਇਹ ਸਰਲ ਹੈ - ਕਾਨੂੰਨ ਦੀ ਪਾਲਣਾ ਕਰੋ, ਸੁਚੇਤ ਰਹੋ, ਅਤੇ ਜੇ ਤੁਸੀਂ ਕੁਝ ਅਜਿਹਾ ਦੇਖਦੇ ਹੋ ਜੋ ਮਨੁੱਖੀ ਅਧਿਕਾਰਾਂ ਪ੍ਰਤੀ ਸਾਡੀ ਵਚਨਬੱਧਤਾ ਦੀ ਉਲੰਘਣਾ ਕਰਦਾ ਹੈ ਤਾਂ ਆਵਾਜ਼ ਉਠਾਓ। ਤੁਸੀਂ ਇਹ ਦੇਖਣ ਲਈ ਮੋਹਰਲੀਆਂ ਲਾਈਨਾਂ 'ਤੇ ਹੋ ਕਿ ਸਾਡੇ ਕਾਰਜ-ਸਥਾਨ 'ਤੇ ਦੂਜਿਆਂ ਨਾਲ ਕਿਵੇਂ ਵਿਵਹਾਰ ਕੀਤਾ ਜਾਂਦਾ ਹੈ। ਅਤੇ ਸਾਨੂੰ ਤੁਹਾਡੀ - ਤੁਹਾਡੇ ਸਮੇਂ, ਪ੍ਰਤਿਭਾਵਾਂ, ਅਤੇ ਊਰਜਾ – ਦੀ ਲੋੜ ਹੈ ਤਾਂ ਜੋ ਲੋਕਾਂ ਨੂੰ ਪਹਿਲਾਂ ਰੱਖਣ ਦੇ ਆਪਣੇ ਮਿਸ਼ਨ ਨੂੰ ਪੂਰਾ ਕੀਤਾ ਜਾ ਸਕੇ ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰ ਕਿਸੇ ਕੋਲ ਉਹ ਸਰੋਤ ਹੋਣ ਜਿਨ੍ਹਾਂ ਦੀ ਉਸਨੂੰ ਸਫਲ ਹੋਣ ਲਈ ਲੋੜ ਹੈ।

## ਨੈਤਿਕ ਵਿਵਹਾਰ ਦਾ ਰੋਲ ਮਾਡਲ।

**ਸੁਰੱਖਿਆ ਦੀ ਪਾਲਣਾ ਕਰਨਾ।** *ਤੁਸੀਂ ਸਾਡੇ ਕਿਸੇ ਵਿਕਰੇਤਾ ਦੀਆਂ ਸਹੂਲਤਾਂ (facilities) ਵਿੱਚੋਂ ਇੱਕ ਵਿਖੇ ਇੱਕ ਗਲਤ ਤਰੀਕੇ ਨਾਲ ਸਥਾਪਤ ਮਸ਼ੀਨ ਗਾਰਡ ਦੇਖਦੇ ਹੋ ਅਤੇ ਨਾਲ ਹੀ ਐਮਰਜੈਂਸੀ ਦਰਵਾਜ਼ਿਆਂ 'ਤੇ ਜੰਜ਼ੀਰਾਂ ਦੇਖਦੇ ਹੋ। ਤੁਸੀਂ ਨਹੀਂ ਚਾਹੁੰਦੇ ਕਿ ਕਿਸੇ ਨੂੰ ਸੱਟ ਲੱਗੇ, ਇਸ ਲਈ ਤੁਸੀਂ ਤੁਰੰਤ ਔਨਸਾਈਟ ਮੈਨੇਜਰ ਨੂੰ ਇਸ ਦੀ ਰਿਪੋਰਟ ਕਰਦੇ ਹੋ। ਸਮਝਦਾਰ ਸੋਚ?* ਬਿਲਕੁਲ। ਸਾਨੂੰ ਸਾਰਿਆਂ ਨੂੰ ਕੰਮ ਕਰਨ ਦੀਆਂ ਸੁਰੱਖਿਅਤ ਹਾਲਤਾਂ ਦਾ ਅਧਿਕਾਰ ਹੈ। ਆਵਾਜ਼ ਉਠਾਕੇ, ਤੁਸੀਂ ਮਨੁੱਖੀ ਅਧਿਕਾਰਾਂ ਨੂੰ ਅੱਗੇ ਵਧਾਉਣ ਲਈ ਆਪਣੀ ਭੂਮਿਕਾ ਨਿਭਾ ਰਹੇ ਹੋ ਅਤੇ ਜਿਨ੍ਹਾਂ ਲੋਕਾਂ ਨਾਲ ਅਸੀਂ ਕੰਮ ਕਰਦੇ ਹਾਂ, ਉਹਨਾਂ ਲਈ ਸਰਵੋਤਮ ਰਵਾਇਤਾਂ ਦੇ ਇੱਕ ਮਾਡਲ ਵਜੋਂ ਕੰਮ ਕਰਦੇ ਹੋ।

**ਆਪਣੀ ਬਣਦੀ ਮਿਹਨਤ ਕਰਨਾ।** *ਤੁਸੀਂ ਕਿਸੇ ਅਣਜਾਣ ਸਪਲਾਇਰ ਤੋਂ ਕਈ ਵਿੰਡਸ਼ੀਲਡਾਂ ਦੀ ਖਰੀਦ ਬਾਰੇ ਵਿਚਾਰ ਕਰ ਰਹੇ ਹੋ। ਉਹਨਾਂ ਨੇ ਤੁਹਾਨੂੰ ਇਹ ਦੱਸ ਦਿੱਤਾ ਹੈ ਕਿ ਉਤਪਾਦ ਪੂਰੀ ਤਰ੍ਹਾਂ ਸ਼ੀਸ਼ੇ ਦਾ ਬਣਿਆ ਹੈ, ਹਾਲਾਂਕਿ, ਤੁਸੀਂ ਇੱਕ ਵੱਖਰੇ ਪਦਾਰਥ ਤੋਂ ਬਣੀ ਇੱਕ ਅਪਵਰਤਕ ਪਰਤ ਦੇਖਦੇ ਹੋ। ਕੁਝ ਖੋਜ ਕਰਨ ਤੋਂ ਬਾਅਦ, ਤੁਸੀਂ ਮਹਿਸੂਸ ਕਰਦੇ ਹੋ ਕਿ ਪਰਤ ਟੀਨ ਹੈ, ਜੋ ਇੱਕ ਟਕਰਾਅ ਵਾਲਾ ਖਣਿਜ ਹੈ। ਤੁਸੀਂ ਸਪਲਾਇਰ ਨਾਲ ਸੰਪਰਕ ਕਰਦੇ ਹੋ ਅਤੇ ਉਹਨਾਂ ਨੂੰ ਟੀਨ ਦੇ ਮੂਲ ਸਰੋਤ ਬਾਰੇ ਵਧੇਰੇ ਜਾਣਕਾਰੀ ਦੇਣ ਲਈ ਆਖਦੇ ਹੋ। ਸਹੀ ਚੋਣ?* ਇਹ ਸੀ। ਜਦੋਂ ਟੀਨ, ਟੈਂਟਾਲਮ, ਟੰਗਸਟਨ ਅਤੇ ਸੋਨੇ ਦੀ ਗੱਲ ਆਉਂਦੀ ਹੈ, ਤਾਂ ਤੁਹਾਨੂੰ ਸਾਡੀ ਸਪਲਾਈ ਚੇਨ ਵਿੱਚ ਕਿਸੇ ਵੀ ਅੰਨ੍ਹੇ ਮੋੜਾਂ ਬਾਰੇ ਸੂਝ-ਬੂਝ ਦਿਖਾਉਣੀ ਚਾਹੀਦੀ ਹੈ। ਇਹਨਾਂ ਨੂੰ ਟਕਰਾਓ ਵਾਲੇ ਖਣਿਜ ਕਿਹਾ ਜਾਂਦਾ ਹੈ ਕਿਉਂਕਿ ਅਕਸਰ ਇਹਨਾਂ ਖਣਿਜਾਂ ਦੀ ਖੁਦਾਈ ਅਤੇ ਉਤਪਾਦਨ ਦੌਰਾਨ ਮਨੁੱਖੀ ਅਧਿਕਾਰਾਂ ਨਾਲ ਸਮਝੌਤਾ ਕੀਤਾ ਜਾਂਦਾ ਹੈ। ਸਪਲਾਇਰ ਨਾਲ ਗੱਲ ਕਰੋ, ਸਾਡੀ ਨੀਤੀ ਦੀ ਜਾਂਚ ਕਰੋ ਅਤੇ ਇਸ ਚੀਜ਼ ਦੀ ਪੁਸ਼ਟੀ ਕਰਨ ਲਈ "ਕੌਨਫਲਿਕਟ ਮਿਨਰਲਜ਼ ਟੀਮ" ਨਾਲ ਸੰਪਰਕ ਕਰੋ ਕਿ ਟੀਨ ਕਿਸੇ ਕਵਰ ਕੀਤੇ ਜਾਂਦੇ ਦੇਸ਼ ਤੋਂ ਆਉਂਦਾ ਹੈ। ਜੇ ਅਜਿਹਾ ਹੈ, ਤਾਂ ਸੰਬੰਧ ਨੂੰ ਤੁਰੰਤ ਤੋੜ ਦਿਓ।

## ਸਾਵਧਾਨੀ।

**ਟੀਮ ਮੈਂਬਰਾਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ।** *ਤੁਸੀਂ ਕਿਸੇ ਸੰਭਾਵਿਤ ਸਪਲਾਇਰ ਨੂੰ ਮਿਲਣ ਜਾ ਰਹੇ ਹੋ ਅਤੇ ਦੇਖਦੇ ਹੋ ਕਿ ਉਹਨਾਂ ਦੀ ਸਪਲਾਈ ਚੇਨ ਟੀਮ ਦੇ ਬਹੁਤ ਸਾਰੇ ਮੈਂਬਰ ਘੱਟ ਉਮਰ ਦੇ ਲੱਗਦੇ ਹਨ। ਤੁਸੀਂ ਆਪਣੇ ਬੌਸ ਅਤੇ ਸਪਲਾਈ ਚੇਨ ਟੀਮ ਨੂੰ ਸੂਚਿਤ ਕਰਦੇ ਹੋ। ਸਹੀ ਫੈਸਲਾ?* ਹਾਂ। Tenneco ਵਿਖੇ, ਅਸੀਂ ਮਨੁੱਖੀ ਅਧਿਕਾਰਾਂ ਦੀਆਂ ਸੰਭਵ ਉਲੰਘਣਾਵਾਂ ਵਾਸਤੇ ਦੇਖਦੇ ਰਹਿੰਦੇ ਹਾਂ ਅਤੇ ਜੇ ਸਾਨੂੰ ਕਦੇ ਕੋਈ ਸ਼ੱਕੀ ਚੀਜ਼ ਨਜ਼ਰ ਆਉਂਦੀ ਹੈ ਤਾਂ ਅਸੀਂ ਆਵਾਜ਼ ਉਠਾਉਂਦੇ ਹਾਂ। ਬੱਸ ਉਹਨਾਂ ਨੂੰ ਸੰਭਾਵਿਤ ਸਪਲਾਇਰਾਂ ਦੀ ਸੂਚੀ ਤੋਂ ਹਟਾਉਣਾ ਵੀ ਯਕੀਨੀ ਬਣਾਓ ਜਦੋਂ ਤੱਕ ਜਾਂਚ ਪੂਰੀ ਨਹੀਂ ਹੋ ਜਾਂਦੀ ਹੈ।

**ਉਚਿਤ ਭੁਗਤਾਨ ਹਾਸਲ ਕਰਨਾ।** *ਤੁਹਾਡਾ ਵਿਕਰੇਤਾ ਸਮਾਂ-ਸਾਰਣੀ ਤੋਂ ਪਿੱਛੇ ਹੈ ਅਤੇ ਆਪਣੀ ਟੀਮ ਦੇ ਮੈਂਬਰਾਂ ਨੂੰ ਹਫਤੇ ਦੇ ਅੰਤ 'ਤੇ ਕੰਮ ਕਰਨ ਲਈ ਕਹਿੰਦਾ ਹੈ। ਵਿਕਰੇਤਾ ਓਵਰਟਾਈਮ ਲਈ ਉਹਨਾਂ ਨੂੰ ਭੁਗਤਾਨ ਨਹੀਂ ਕਰੇਗਾ ਇਸ ਲਈ ਤੁਹਾਡੀਆਂ ਲਾਗਤਾਂ ਨਹੀਂ ਵਧਣਗੀਆਂ, ਅਤੇ ਤੁਸੀਂ ਆਪਣੇ ਬਜਟ ਨੂੰ ਪੂਰਾ ਕਰ ਸਕਦੇ ਹੋ। ਇਹ ਠੀਕ ਹੋਣਾ ਚਾਹੀਦਾ ਹੈ, ਹੈ ਨਾ?* ਹੋ ਸਕਦਾ ਹੈ। ਜੇ ਟੀਮ ਦੇ ਮੈਂਬਰਾਂ ਨੂੰ ਪ੍ਰਤੀ ਘੰਟਾ ਭੁਗਤਾਨ ਕੀਤਾ ਜਾਂਦਾ ਹੈ, ਤਾਂ ਉਹ ਕਨੂੰਨੀ ਤੌਰ 'ਤੇ ਓਵਰਟਾਈਮ ਦੇ ਹੱਕਦਾਰ ਹੋ ਸਕਦੇ ਹਨ। ਵਿਕਰੇਤਾ ਨੂੰ ਓਵਰਟਾਈਮ ਦੇਣਾ ਚਾਹੀਦਾ ਹੈ ਭਾਵੇਂ ਉਹ ਇਹ ਕੀਮਤ ਤੁਹਾਡੇ ਕੋਲੋਂ ਨਹੀਂ ਵਸੂਲਦਾ। ਅਸੀਂ ਉਹਨਾਂ ਕੰਪਨੀਆਂ ਨਾਲ ਕੰਮ ਨਹੀਂ ਕਰਨਾ ਚਾਹੁੰਦੇ ਜੋ ਆਪਣੀ ਟੀਮ ਦੇ ਮੈਂਬਰਾਂ ਨਾਲ ਦੁਰਵਿਵਹਾਰ ਕਰਦੇ ਹਨ। ਆਪਣੇ ਮੈਨੇਜਰ ਨਾਲ ਗੱਲ ਕਰੋ ਅਤੇ ਚਰਚਾ ਕਰੋ ਕਿ ਕੋਈ ਹੋਰ ਟਿਕਾਣੇ ਇਸ ਵਿਕਰੇਤਾ ਦੀ ਵਰਤੋਂ ਕਰ ਰਹੇ ਹਨ। ਹੋਰ ਕਾਰਵਾਈ ਕਰਨ ਦੀ ਲੋੜ ਹੋ ਸਕਦੀ ਹੈ।

## ਗਲਤ ਤਰੀਕਾ।

**ਮਾੜੇ ਵਿਵਹਾਰ ਨੂੰ ਨਜ਼ਰਅੰਦਾਜ਼ ਕਰਨਾ।** *ਤੁਸੀਂ ਸਾਡੇ ਇੱਕ ਵਿਕਰੇਤਾ ਦੇ ਬਾਰੇ ਔਰਤਾਂ ਅਤੇ ਘੱਟ ਗਿਣਤੀਆਂ ਪ੍ਰਤੀ ਵਿਤਕਰਾ ਕਰਨ ਬਾਰੇ ਸੋਸ਼ਲ ਮੀਡੀਆ 'ਤੇ ਇੱਕ ਕਹਾਣੀ ਦੇਖਦੇ ਹੋ। ਕਿਉਂਕਿ ਇਸ ਵਿੱਚ Tenneco ਸ਼ਾਮਲ ਨਹੀਂ ਹੈ, ਤਾਂ ਤੁਸੀਂ ਇਸ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹੋ। ਕੋਈ ਸਮੱਸਿਆ?* ਹਾਂ। ਸਾਡੇ ਵਿਕਰੇਤਾ ਸਾਡੀ ਨੁਮਾਇੰਦਗੀ ਕਰਦੇ ਹਨ। ਅਸੀਂ ਉਹਨਾਂ ਨੂੰ ਆਪਣੇ ਕਾਰੋਬਾਰੀ ਭਾਈਵਾਲਾਂ ਵਜੋਂ ਚੁਣਦੇ ਹਾਂ, ਅਤੇ ਜੇ ਉਹ ਅਨੈਤਿਕਤਾ ਪੂਰਨ ਕੰਮ ਕਰਦੇ ਹਨ, ਤਾਂ ਉਹਨਾਂ ਨਾਲ ਸਾਡਾ ਸੰਬੰਧ ਇਹ ਦਰਸਾਏਗਾ ਕਿ ਅਸੀਂ ਉਹਨਾਂ ਦੇ ਮਾੜੇ ਵਿਵਹਾਰ ਦਾ ਸਮਰਥਨ ਕਰਦੇ ਹਾਂ। ਅਸੀਂ ਅਜਿਹਾ ਨਹੀਂ ਕਰਦੇ। ਅਸੀਂ 'ਹਮੇਸ਼ਾ ਈਮਾਨਦਾਰੀ' ਨਾਲ ਕੰਮ ਕਰਦੇ ਹਾਂ। ਜੇ ਕਿਸੇ ਅਣਉਚਿਤ ਜਾਂ ਗੈਰਕਾਨੂੰਨੀ ਚੀਜ਼ ਦਾ ਸੰਕੇਤ ਵੀ ਨਜ਼ਰ ਆਉਂਦਾ ਹੈ, ਤਾਂ ਤੁਰੰਤ ਆਵਾਜ਼ ਉਠਾਓ ਤਾਂ ਕਿ ਸਹੀ ਲੋਕਾਂ ਦੁਆਰਾ ਰਿਸ਼ਤੇ ਦਾ ਪੁਨਰ-ਮੁਲਾਂਕਣ ਕੀਤਾ ਜਾ ਸਕੇ।

## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਦੂਜੀਆਂ ਪਾਰਟੀਆਂ ਨਾਲ ਕੰਮ ਕਰਦੇ ਸਮੇਂ ਮੈਨੂੰ ਕੀ ਦੇਖਣਾ ਚਾਹੀਦਾ ਹੈ?

ਸਾਡੇ ਨਾਲ, ਸਾਡੇ ਵਾਸਤੇ, ਅਤੇ ਸਾਡੀ ਤਰਫ਼ੋਂ ਕੰਮ ਕਰਨ ਵਾਲੇ ਹਰ ਕਿਸੇ ਤੋਂ ਅਸੀਂ ਨਿਮਨਲਿਖਤ ਦੀ ਉਮੀਦ ਕਰਦੇ ਹਾਂ:

- ਵਿਭਿੰਨਤਾ ਅਤੇ ਸ਼ਮੂਲੀਅਤ ਨੂੰ ਉਤਸ਼ਾਹਤ ਕਰਨਾ।
- ਉਚਿਤ ਵੇਤਨ ਦਾ ਭੁਗਤਾਨ ਕਰਨਾ।
- ਕੰਮ ਕਰਨ ਦੀਆਂ ਸੁਰੱਖਿਅਤ ਸਥਿਤੀਆਂ ਨੂੰ ਯਕੀਨੀ ਬਣਾਉਣਾ।
- ਸਾਰਿਆਂ ਨਾਲ ਬਰਾਬਰ ਦਾ ਵਿਵਹਾਰ ਕਰਨਾ।
- ਕਾਮਿਆਂ ਨੂੰ ਸਰੀਰਕ ਸਜ਼ਾ ਅਤੇ ਜਬਰੀ ਮਜ਼ਦੂਰੀ ਤੋਂ ਬਚਾਉਣਾ।
- ਬਾਲ ਮਜ਼ਦੂਰੀ ਅਤੇ ਮਨੁੱਖੀ ਤਸਕਰੀ ਖਿਲਾਫ ਲੜਾਈ ਲੜਨਾ।
- ਸਾਡੀਆਂ ਮੂਲ ਕਦਰਾਂ-ਕੀਮਤਾਂ ਅਤੇ ਕਨੂੰਨ ਦਾ ਸਤਿਕਾਰ ਕਰਨਾ - ਪੈਸੇ ਦੀ ਬੱਚਤ ਲਈ ਕਦੇ ਵੀ ਕਿਸੇ ਨਾਲ ਵੀ ਸਮਝੌਤਾ ਨਾ ਕਰਨਾ।

## ਗੈਰਾਜ

ਸਪਲਾਇਰ ਕੋਡ ਆਫ ਕੰਡਕਟ
ਮਨੁੱਖੀ ਅਧਿਕਾਰਾਂ ਦਾ ਬਿਆਨ

# ਵਾਤਾਵਰਣ ਦੀ ਰੱਖਿਆ ਕਰਨਾ

### ਮੰਜ਼ਿਲ

ਇਹ ਸਮਝਣਾ ਕਿ ਅਸੀਂ ਚੀਜ਼ਾਂ ਨੂੰ "ਕਿਵੇਂ" ਕਰਦੇ ਹਾਂ, ਸਾਡੀ ਸਫਲਤਾ ਲਈ ਓਨਾ ਹੀ ਮਹੱਤਵਪੂਰਨ ਹੈ ਜਿੰਨਾ ਅਸੀਂ "ਕੀ" ਕਰਦੇ ਹਾਂ।


### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਅਸੀਂ ਆਉਣ ਵਾਲੇ ਕੱਲ੍ਹ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹਾਂ। ਇਸਦਾ ਅਰਥ ਹੈ ਕਿ ਅਸੀਂ ਧਰਤੀ ਦੀ ਰੱਖਿਆ ਕਰਦੇ ਹਾਂ, ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਕਰਦੇ ਹਾਂ, ਅਤੇ ਪ੍ਰਦੂਸ਼ਣ ਦੀ ਰੋਕਥਾਮ ਕਰਦੇ ਹਾਂ।

ਸਾਡੇ ਉਤਪਾਦਾਂ ਅਤੇ ਸੇਵਾਵਾਂ ਦੀ ਖਰੀਦਦਾਰੀ ਕਰਨ ਵੇਲੇ ਗਾਹਕਾਂ ਨੂੰ ਵਧੇਰੇ ਟਿਕਾਊ ਚੋਣਾਂ ਕਰਨ ਵਿੱਚ ਮਦਦ ਕਰਨ ਲਈ, ਹਮੇਸ਼ਾ ਕਾਰਜਾਂ, ਨਵਿਆਉਣਯੋਗ ਸਮੱਗਰੀਆਂ ਨੂੰ ਸੁਧਾਰਨ ਦੇ ਤਰੀਕਿਆਂ ਬਾਰੇ ਦੇਖਦੇ ਹੋਏ ਯੋਗਦਾਨ ਪਾਓ।

### ਨੈਤਿਕ ਵਿਵਹਾਰ ਦਾ ਰੋਲ ਮਾਡਲ।

**ਆਪਣੇ ਫੁੱਟਪ੍ਰਿੰਟ ਨੂੰ ਘੱਟ ਤੋਂ ਘੱਟ ਕਰਨਾ।** *ਤੁਸੀਂ ਇੱਕ ਅਜਿਹੇ ਤਰੀਕੇ ਦੀ ਪਛਾਣ ਕਰਦੇ ਹੋ ਜੋ ਪਲਾਂਟ ਵਿੱਚ ਸਾਡੇ ਵੱਲੋਂ ਊਰਜਾ ਦੀ ਵਰਤੋਂ ਨੂੰ 40% ਤੱਕ ਘਟਾ ਸਕਦਾ ਹੈ। ਇਹ ਤੁਹਾਡੀ ਨੌਕਰੀ ਦੀ ਜ਼ਿੰਮੇਵਾਰੀ ਦਾ ਹਿੱਸਾ ਨਹੀਂ ਹੈ ਪਰ ਤੁਸੀਂ ਇਸ ਦਾ ਜ਼ਿਕਰ ਆਪਣੇ ਬੌਸ ਨਾਲ ਕਰਦੇ ਹੋ। ਚੰਗਾ ਵਿਚਾਰ ਹੈ?* ਬਿਲਕੁੱਲ! ਅਸੀਂ ਹਮੇਸ਼ਾਂ ਉਸ ਧਰਤੀ ਦੀ ਦੇਖਭਾਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਜੋ ਸਾਡੀ ਦੇਖਭਾਲ ਕਰਦੀ ਹੈ। ਜੇ ਤੁਸੀਂ ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਕਰਨ ਜਾਂ ਕੂੜੇ ਜਾਂ ਨਿਕਾਸਾਂ ਨੂੰ ਘਟਾਉਣ ਦਾ ਕੋਈ ਤਰੀਕਾ ਲੱਭ ਲੈਂਦੇ ਹੋ - ਤਾਂ ਆਵਾਜ਼ ਉਠਾਓ।



### ਸਾਵਧਾਨੀ।

**ਛੋਟੀਆਂ ਚੀਜ਼ਾਂ ਵੱਲ ਧਿਆਨ ਦੇਣਾ।** *ਹਾਲ ਹੀ ਵਿੱਚ ਲਾਈਨ 'ਤੇ ਹੋਏ ਇੱਕ ਬਦਲਾਅ ਨੇ ਗੁਣਵੱਤਾ ਨੂੰ ਵਧਾ ਦਿੱਤਾ ਹੈ ਪਰ ਕਬਾੜ ਵਿੱਚ ਵੀ 200% ਦਾ ਵਾਧਾ ਹੋ ਗਿਆ ਹੈ। ਕੀ ਇਸ ਵਿੱਚ ਕੋਈ ਸਮੱਸਿਆ ਹੈ?* ਸਮਾਂ ਪਾਕੇ, ਹਾਂ। ਪਲਾਂਟ ਵਿੱਚ ਸਹੀ ਲੋਕਾਂ ਨਾਲ ਗੱਲਬਾਤ ਕਰੋ ਤਾਂ ਜੋ ਉਹ ਨਿਰਧਾਰਤ ਕਰ ਸਕਣ ਕਿ ਕਬਾੜ ਦੀ ਮਾਤਰਾ ਕਿਉਂ ਵਧੀ ਹੈ ਅਤੇ ਘਟਾਉਣ ਜਾਂ ਨਵਿਆਉਣ ਦੇ ਤਰੀਕਿਆਂ ਦੀ ਪਛਾਣ ਕਰੋ।

**ਅਸੀਂ ਆਪਣੀ ਸਪਲਾਈ ਚੇਨ ਵਿਚਲੇ ਸਾਰੇ ਉਤਪਾਦਾਂ ਲਈ ਵਾਤਾਵਰਣ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹਾਂ ਜਾਂ ਇਹਨਾਂ ਤੋਂ ਵੀ ਅੱਗੇ ਜਾਂਦੇ ਹਾਂ।**



## ਗਲਤ ਤਰੀਕਾ।

ਸੰਭਾਵਿਤ ਖ਼ਤਰਿਆਂ ਦੀ ਅਣਦੇਖੀ ਕਰਨਾ। *ਤੁਸੀਂ ਦੇਖਿਆ ਹੈ ਕਿ ਸਾਡੇ ਸਟੋਰੇਜ ਕੰਟੇਨਰਾਂ ਵਿੱਚੋਂ ਇੱਕ ਤੋਂ ਇੱਕ ਹਾਨੀਕਾਰਕ ਤਰਲ ਲੀਕ ਹੋ ਰਿਹਾ ਹੈ। ਕੁਝ ਕਹਿਣ ਦੀ ਬਜਾਏ, ਤੁਸੀਂ ਇਸ ਨੂੰ ਛੱਡਕੇ ਕਿਸੇ ਹੋਰ ਕੰਟੇਨਰ ਦੀ ਵਰਤੋਂ ਕਰਦੇ ਹੋ। ਸਹੀ ਚੋਣ?* ਨਹੀਂ। ਤੁਹਾਨੂੰ ਬੋਲਣਾ ਚਾਹੀਦਾ ਸੀ। ਅਜਿਹਾ ਕਰਨ ਨਾਲ ਡੁੱਲ੍ਹ-ਵਲੀਟ ਅਤੇ ਵਾਤਾਵਰਣ ਨੂੰ ਹੋਣ ਵਾਲੇ ਕਿਸੇ ਨੁਕਸਾਨ ਨੂੰ ਰੋਕਿਆ ਜਾ ਸਕਦਾ ਸੀ।

## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਕੁਦਰਤੀ ਸਰੋਤਾਂ ਦੇ ਬਚਾਅ ਲਈ ਸੁਝਾਅ:

- ਪਾਣੀ ਦੇ ਸਰੋਤਾਂ ਦੀ ਰੱਖਿਆ ਕਰੋ।
- ਕੂੜਾ ਕਰਕਟ ਘੱਟ ਕਰੋ।
- ਉਰਜਾ ਦੀ ਬੱਚਤ ਕਰੋ।
- ਪੈਕੇਜਿੰਗ ਘਟਾਓ।
- ਪਦਾਰਥਾਂ ਨੂੰ ਜ਼ਿੰਮੇਵਾਰੀ ਨਾਲ ਹਾਸਲ ਕਰੋ।

## ਗੈਰਾਜ

# ਭਾਈਚਾਰੇ ਨੂੰ ਵਾਪਸ ਦੇਣਾ

### ਮੰਜ਼ਿਲ

ਸਾਡੇ ਆਲੇ-ਦੁਆਲੇ ਦੇ ਭਾਈਚਾਰਿਆਂ 'ਤੇ ਸਕਾਰਾਤਮਕ ਪ੍ਰਭਾਵ ਪਾਉਣਾ।

### ਅਸੀਂ ਏਥੇ ਕਿਵੇਂ ਪਹੁੰਚਦੇ ਹਾਂ

ਸਾਡੇ ਵਿੱਚੋਂ ਹਰ ਇੱਕ ਕੋਲ ਫਰਕ ਲਿਆਉਣ ਦੀ ਸ਼ਕਤੀ ਹੈ। ਅਸੀਂ ਤੁਹਾਨੂੰ ਹਮੇਸ਼ਾਂ ਇਸ ਗੱਲ ਨੂੰ ਧਿਆਨ ਵਿੱਚ ਰੱਖਣ ਅਤੇ ਭਾਈਚਾਰੇ ਦਾ ਦੇਣਾ ਅਜਿਹੇ ਤਰੀਕਿਆਂ ਨਾਲ ਵਾਪਸ ਦੇਣ ਲਈ ਉਤਸ਼ਾਹਤ ਕਰਦੇ ਹਾਂ ਜੋ ਤੁਹਾਡੇ ਲਈ ਨਿੱਜੀ ਤੌਰ 'ਤੇ ਅਰਥਪੂਰਨ ਹਨ।

ਨਾਲ ਹੀ, ਇਹ ਵੀ ਯਾਦ ਰੱਖੋ ਕਿ ਜਦੋਂ ਅਸੀਂ ਆਪਣਾ ਸਮਾਂ, ਪ੍ਰਤਿਭਾ ਅਤੇ ਸਾਧਨਾਂ ਨੂੰ ਇੱਕ ਕੰਪਨੀ ਵਜੋਂ ਇਕੱਠਾ ਕਰਦੇ ਹਾਂ, ਤਾਂ ਅਸੀਂ ਹੋਰ ਵੀ ਅੱਗੇ ਜਾ ਸਕਦੇ ਹਾਂ। ਫ਼ੰਡ ਇਕੱਠਾ ਕਰਨ ਅਤੇ ਸਵੈ-ਸੇਵੀ ਹੋਣ ਦੁਆਰਾ, ਅਸੀਂ ਉਹਨਾਂ ਭਾਈਚਾਰਿਆਂ ਨੂੰ ਬਦਲ ਸਕਦੇ ਹਾਂ ਜਿੱਥੇ ਅਸੀਂ ਰਹਿੰਦੇ ਹਾਂ ਅਤੇ ਬਿਹਤਰੀ ਲਈ ਕੰਮ ਕਰਦੇ ਹਾਂ।

### ਨੈਤਿਕ ਵਿਵਹਾਰ ਦਾ ਰੋਲ ਮਾਡਲ।

**ਇੱਕ ਉਤਪ੍ਰੇਰਕ ਬਣੋ।** *ਤੁਸੀਂ ਇੱਕ ਸਥਾਨਕ ਭਾਈਚਾਰਕ ਸੰਗਠਨ ਲਈ ਫ਼ੰਡ ਇਕੱਠਾ ਕਰਨਾ ਚਾਹੁੰਦੇ ਹੋ ਜੋ ਵਿਭਿੰਨਤਾ ਸੰਬੰਧੀ ਪਹਿਲਕਦਮੀਆਂ ਦਾ ਸਮਰਥਨ ਕਰਦਾ ਹੈ, ਇਸ ਲਈ ਤੁਸੀਂ ਕਿਸੀ ਫੰਡਰੇਜ਼ਰ ਸਮਾਗਮ ਅਤੇ ਵਲੰਟੀਅਰ ਦਿਵਸ ਨੂੰ ਆਯੋਜਿਤ ਕਰਨ ਲਈ ਆਪਣੇ ਮੈਨੇਜਰ ਨਾਲ ਸੰਪਰਕ ਕਰਦੇ ਹੋ। ਸਹੀ ਚੋਣ?* ਬਿਲਕੁਲ। ਅਸੀਂ ਸੰਮਿਲਨਤਾ ਅਤੇ ਵਿਭਿੰਨਤਾ ਨੂੰ ਉਤਸ਼ਾਹਿਤ ਕਰਦੇ ਹਾਂ ਅਤੇ ਇਹ ਅਜਿਹਾ ਕਰਨ ਦਾ ਇੱਕ ਤਰੀਕਾ ਹੈ। ਜੇ ਤੁਸੀਂ ਕੰਮ ਤੋਂ ਬਾਹਰ ਸਵੈ-ਸੇਵੀ ਕਾਰਜ ਕਰਦੇ ਹੋ, ਤਾਂ ਇਹ ਯਕੀਨੀ ਬਣਾਓ ਕਿ ਤੁਹਾਡੀ ਭਾਗੀਦਾਰੀ ਤੁਹਾਡੀ ਨੌਕਰੀ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਤ ਨਹੀਂ ਕਰੇਗੀ ਜਾਂ ਵਿਵਾਦ ਪੈਦਾ ਨਹੀਂ ਕਰੇਗੀ। ਪਹਿਲਾਂ ਆਪਣੇ ਮੈਨੇਜਰ ਨਾਲ ਗੱਲ ਕਰਨਾ ਅਜਿਹਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੋ ਸਕਦਾ ਹੈ।



## ਸਾਵਧਾਨੀ।

**ਪਹਿਲਾਂ ਪੁੱਛਣਾ।** *ਇੱਕ ਗਾਹਕ ਤੁਹਾਨੂੰ ਅਜਿਹੇ ਮਕਸਦ ਲਈ ਦਾਨ ਕਰਨ ਬਾਰੇ ਪੁੱਛਦਾ ਹੈ ਜਿਸਦਾ ਉਹ ਸਮਰਥਨ ਕਰਦੇ ਹਨ। ਤੁਸੀਂ ਭਾਈਚਾਰੇ ਦਾ ਸਮਰਥਨ ਅਤੇ ਗਾਹਕ ਨਾਲ ਆਪਣੇ ਰਿਸ਼ਤੇ ਨੂੰ ਬਿਹਤਰ ਬਣਾਉਣਾ ਚਾਹੁੰਦੇ ਹੋ। ਕੀ ਇਹ ਠੀਕ ਹੈ?* ਹੋ ਸਕਦਾ ਹੈ। ਯਕੀਨੀ ਬਣਾਉਣ ਲਈ ਕਿਸੇ ਮੈਨੇਜਰ ਜਾਂ ਮਨੁੱਖੀ ਸਰੋਤ ਵਿਭਾਗ ਨਾਲ ਗੱਲ ਕਰੋ। ਹਾਲਾਂਕਿ ਅਸੀਂ ਆਪਣੇ ਭਾਈਚਾਰਿਆਂ ਦਾ ਸਮਰਥਨ ਕਰਨਾ ਚਾਹੁੰਦੇ ਹਾਂ, ਚੈਰਿਟੀ ਬਾਰੇ ਖੋਜ ਕਰਨ ਦੀ ਜ਼ਰੂਰਤ ਹੁੰਦੀ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਜਾਇਜ਼ ਹੈ ਅਤੇ ਸਾਡੀ ਇਮਾਨਦਾਰੀ ਪ੍ਰਤੀ ਪ੍ਰਤੀਬੱਧਤਾ ਨਾਲ ਮੇਲ ਖਾਂਦੀ ਹੈ। ਸ਼ਾਇਦ ਤੁਹਾਨੂੰ ਇਹ ਵਿਸ਼ਵਾਸ ਕਰਨਾ ਮੁਸ਼ਕਲ ਲੱਗੇ, ਪਰ ਕਈ ਵਾਰ ਚੈਰਿਟੀਆਂ ਦੀ ਵਰਤੋਂ ਕਿੱਕਬੈਕ ਜਾਂ ਰਿਸ਼ਵਤ ਦੇਣ ਲਈ ਕੀਤੀ ਜਾਂਦੀ ਹੈ।

## ਗਲਤ ਤਰੀਕਾ।

**ਕਾਰੋਬਾਰ ਨੂੰ ਨਿੱਜੀ ਨਾਲ ਮਿਲਾਉਣਾ।** *ਤੁਸੀਂ ਇੱਕ ਨਿੱਜੀ ਚੈਰੀਟੇਬਲ ਗਤੀਵਿਧੀ ਵਿੱਚ ਸ਼ਾਮਲ ਹੋ ਅਤੇ ਸਾਡੇ ਕੁਝ ਸਪਲਾਇਰਾਂ ਨੂੰ ਯੋਗਦਾਨ ਪਾਉਣ ਲਈ ਬੇਨਤੀ ਕਰਨ ਵੇਲੇ Tenneco ਦੇ ਲੈਟਰਹੈੱਡ ਨੂੰ ਵਰਤਣਾ ਚਾਹੁੰਦੇ ਹੋ। ਕੀ ਇਹ ਠੀਕ ਹੈ?* ਨਹੀਂ। Tenneco ਦਾ ਲੈਟਰਹੈੱਡ ਵਰਤਣ ਤੋਂ ਪਹਿਲਾਂ ਤੁਹਾਡੇ ਲਈ ਮਨਜ਼ੂਰੀ ਲੈਣੀ ਲਾਜ਼ਮੀ ਹੈ। ਕਮਿਊਨੀਕੇਸ਼ਨਜ਼ ਟੀਮ ਨਾਲ ਇਸ ਪਹਿਲਕਦਮੀ ਬਾਰੇ ਚਰਚਾ ਕਰੋ ਅਤੇ ਸਮਝੋ ਕਿ ਕਿਵੇਂ Tenneco ਸਾਡੇ ਸਪਲਾਇਰਾਂ ਨੂੰ ਨਿੱਜੀ ਦਾਨਪਾਤਰ ਗਤੀਵਿਧੀਆਂ ਲਈ ਬੇਨਤੀ ਕਰਨ ਵਿੱਚ ਤੁਹਾਡੇ ਨਾਲ ਮਿਲਕੇ ਕੰਮ ਕਰੇਗੀ ਤਾਂ ਜੋ ਸੰਭਾਵਿਤ ਹਿੱਤਾਂ ਦੇ ਟਕਰਾਅ - ਜਾਂ ਘੱਟੋ ਘੱਟ ਅਜਿਹੇ ਟਕਰਾਅ ਦੀ ਦਿੱਖ ਤੋਂ ਬਚਿਆ ਜਾ ਸਕੇ। ਸਪਲਾਇਰਾਂ ਨਾਲ ਸਾਡੇ ਸੰਬੰਧ ਸਿਰਫ ਕਾਰੋਬਾਰ 'ਤੇ ਅਧਾਰਤ ਹੋਣੇ ਚਾਹੀਦੇ ਹਨ।

## ਰਸਤੇ ਦੀ ਅਗਵਾਈ ਕਰੋ (ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਨੁਕਤੇ)

### ਸਮਾਜ ਨੂੰ ਵਾਪਸ ਦੇਣ ਲਈ ਨੁਕਤੇ:

ਸਾਨੂੰ ਸਾਡੀ ਟੀਮ ਦੇ ਬਹੁਤ ਸਾਰੇ ਮੈਂਬਰਾਂ ਦੀਆਂ ਨਿੱਜੀ ਦਾਨੀ ਵਚਨਬੱਧਤਾਵਾਂ 'ਤੇ ਮਾਣ ਹੈ ਅਤੇ ਨਾਲ ਹੀ ਉਹਨਾਂ ਵਚਨਬੱਧਤਾਵਾਂ 'ਤੇ ਵੀ ਜੋ ਅਸੀਂ ਇੱਕ ਟੀਮ ਵਜੋਂ ਕੀਤੀਆਂ ਹਨ।

- ਕਿਰਪਾ ਕਰਕੇ ਦਾਨਪਾਤਰ ਸੰਸਥਾਵਾਂ ਦਾ ਸਮਰਥਨ ਕਰਨ ਲਈ ਕੰਪਨੀ ਵਾਸਤੇ ਹੋਰ ਮੌਕਿਆਂ ਦਾ ਮੁਲਾਂਕਣ ਕਰਨ ਲਈ ਕਮਿਊਨੀਕੇਸ਼ਨਜ਼ ਟੀਮ ਜਾਂ ਮਨੁੱਖੀ ਸਰੋਤ ਵਿਭਾਗ ਨਾਲ ਸੰਪਰਕ ਕਰੋ।

## ਗੈਰਾਜ

# ਆਪਣਾ ਲਾਇਸੰਸ ਪ੍ਰਾਪਤ ਕਰਨਾ

ਲਓ ਜੀ ਤੁਸੀਂ ਏਥੇ ਪਹੁੰਚ ਹੀ ਗਏ ਹੋ - ਉਹ ਜਾਣਕਾਰੀ ਜਿਸਦੀ ਤੁਹਾਨੂੰ Tenneco **ਵਿਖੇ ਕਾਰਜ ਚਲਾਉਣ ਲਈ ਆਪਣਾ ਲਾਇਸੈਂਸ** ਪ੍ਰਾਪਤ ਕਰਨ ਵਾਸਤੇ ਜ਼ਰੂਰਤ ਹੈ। ਸਾਡੇ ਜ਼ਾਬਤਾ ਨੂੰ ਪੜ੍ਹਨ ਲਈ ਸਮਾਂ ਕੱਢਣ ਵਾਸਤੇ ਅਤੇ ਸਾਡੀ ਨਿਰੰਤਰ ਸਫਲਤਾ ਦਾ ਸਮਰਥਨ ਕਰਨ ਲਈ ਤੁਸੀਂ ਜੋ ਵੀ ਕਰਦੇ ਹੋ ਉਸ ਲਈ ਤੁਹਾਡਾ ਧੰਨਵਾਦ। ਜਦੋਂ ਤੁਹਾਡੇ ਕੋਲ ਕੋਈ ਫ਼ਰਨੇ, ਪ੍ਰਸ਼ਨ ਅਤੇ ਸ਼ੰਕੇ ਹੋਣ ਤਾਂ ਉਸ ਸਮੇਂ ਆਵਾਜ਼ ਉਠਾਉਣ ਲਈ ਤੁਹਾਡਾ ਧੰਨਵਾਦ।

ਸਾਡੇ ਜ਼ਾਬਤਾ ਨੂੰ ਸਮਝਣਾ Tenneco ਵਿਖੇ ਲੰਬੇ ਸਮੇਂ ਤੱਕ ਟਿਕੇ ਰਹਿਣ ਦੀ ਕੁੰਜੀ ਹੈ। ਇਹ ਸਾਡੇ ਉਦੇਸ਼ ਅਤੇ ਮੂਲ ਕਦਰਾਂ-ਕੀਮਤਾਂ ਨੂੰ ਬਲ ਦਿੰਦਾ ਹੈ ਅਤੇ ਸਾਡੀ ਅੰਤਿਮ ਮੰਜ਼ਿਲ ਲਈ ਦਿਸ਼ਾ ਪ੍ਰਦਾਨ ਕਰਦਾ ਹੈ: ਈਮਾਨਦਾਰੀ ਨਾਲ ਸਾਡੇ ਕਾਰੋਬਾਰ ਨੂੰ ਕਰਨਾ।

ਜੇ ਤੁਸੀਂ ਤਿਆਰ ਹੋ, ਮਤਲਬ ਤੁਸੀਂ ਜ਼ਾਬਤੇ ਨੂੰ ਪੜ੍ਹ, ਸਮਝ ਲਿਆ ਹੈ, ਅਤੇ ਤੁਸੀਂ ਇਸਦਾ ਪਾਲਣ ਕਰੋਗੇ, ਤਾਂ ਹੇਠਾਂ ਆਪਣੇ ਨਾਮ ’ਤੇ ਦਸਤਖ਼ਤ ਕਰੋ:

ਦਸਤਖ਼ਤ: ______________________________

ਤਾਰੀਖ਼: ______________________________

ਹੁਣ ਤੁਸੀਂ Tenneco **ਵਿਖੇ ਕੰਮ ਕਰਨ ਲਈ ਲਾਇਸੰਸਸ਼ੁਦਾ** ਹੋ। ਕਿਰਪਾ ਕਰਕੇ ਆਪਣੇ HR ਪ੍ਰਤੀਨਿਧੀ ਨੂੰ ਇਹ ਦਸਤਖ਼ਤ ਕੀਤੇ ਪੰਨੇ ਪ੍ਰਦਾਨ ਕਰੋ।

ਵਿਖੇ ਕਾਰਜ ਚਲਾਉਣ ਲਈ ਲਾਇਸੈਂਸ TENNECO

ਜੇ ਤੁਸੀਂ ਨਿਮਨਲਿਖਤ ਦੀ ਉਲੰਘਣਾ ਦੇਖਦੇ ਹੋ ਜਾਂ ਤੁਹਾਨੂੰ ਸ਼ੱਕ ਹੁੰਦਾ ਹੈ:

- ਸਾਡੀਆਂ ਮੂਲ ਕਦਰਾਂ-ਕੀਮਤਾਂ ਜਾਂ ਜ਼ਾਬਤਾ
- ਸਾਡੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ
- ਕੋਈ ਕਾਨੂੰਨ ਜਾਂ ਅਧਿਨਿਯਮ

**ਤੁਸੀਂ ਟੌਲ-ਫ੍ਰੀ**

Tenneco **ਹੌਟਲਾਈਨ** ਨੂੰ 24/7 ਕਾਲ ਕਰ ਸਕਦੇ ਹੋ

ਉੱਪਰ ਆਪਣੇ ਸਥਾਨਕ ਹੌਟਲਾਈਨ ਨੰਬਰ ਨੂੰ ਲਿਖੋ।

ਜਾਂ ਫਿਰ ਦੇਖੋ:**https://secure.ethicspoint.com/domain/media/en/gui/29312/index.html**

ਸਾਰੀਆਂ ਕਾਲਾਂ ਨੂੰ ਸਥਾਨਕ ਕਾਨੂੰਨਾਂ ਅਨੁਸਾਰ ਗੁਪਤ ਆਧਾਰ ’ਤੇ ਵਿਚਾਰਿਆ ਜਾਵੇਗਾ।

**ਯਾਦ ਰੱਖੋ**

**"ਸਹੀ ਕੰਮ ਸਹੀ ਤਰੀਕੇ ਨਾਲ ਕਰੋ।"**

ਜੇ ਤੁਹਾਨੂੰ ਕਿਸੇ ਨੈਤਿਕ ਸਮੱਸਿਆ ਜਾਂ ਗਲਤ ਕੰਮਾਂ ਬਾਰੇ ਜਾਣਕਾਰੀ ਮਿਲਦੀ ਹੈ, ਤਾਂ Tenneco ਟੀਮ ਦੇ ਮੈਂਬਰ ਵਜੋਂ ਇਸ ਦੀ ਰਿਪੋਰਟ ਕਰਨਾ ਤੁਹਾਡੀ ਜ਼ਿੰਮੇਵਾਰੀ ਬਣਦੀ ਹੈ। ਆਵਾਜ਼ ਉਠਾਓ!

ਵਿਖੇ ਕਾਰਜ ਚਲਾਉਣ ਲਈ ਲਾਇਸੈਂਸ TENNECO

ਬਟੂਆ ਕਾਰਡ ਪ੍ਰਿੰਟ ਕਰੋ, ਅਕਾਰ ਮੁਤਾਬਿਕ ਕੱਟੋ ਅਤੇ ਬਿੰਦੂਦਾਰ ਲਾਈਨ ’ਤੇ ਤਹਿ ਕਰੋ।